27-AUG-PAGE-1.qxd 8/26/2023 10:13 PM Page 1

ਐਤਵਾਰ, 27 ਅਗਸਤ, 2023
11 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 86

ਨਵਾਂ ਜ਼ਮਾਨਾ

DAILY NAWAN ZAMANA • SUNDAY, 27 AUGUST, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਰਾਜਪਾਲ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਨਿਰਾਦਰ ਕੀਤਾ : ਭਗਵੰਤ ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਸੂਬੇ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਰਨ ਦੀ ਧਮਕੀ ਭਰੀ ਚਿੱਠੀ ਨੂੰ ਸਾਢੇ ਤਿੰਨ ਕਰੋੜ ਪੰਜਾਬੀਆਂ ਦੀ ਤੌਹੀਨ ਦੱਸਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਕਿਹਾ ਕਿ ਰਾਜਪਾਲ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਲਾਮਿਸਾਲ ਕੁਰਬਾਨੀਆਂ ਦੇਣ ਅਤੇ ਮੁਲਕ ਨੂੰ ਅਨਾਜ ਪੱਖੋਂ ਸਵੈ-ਨਿਰਭਰ ਬਣਾਉਣ ਵਾਲੇ ਅਮਨਪਸੰਦ ਅਤੇ ਮਿਹਨਤਕਸ਼ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ ਹੈ। ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਉਹ ਅਜਿਹੀਆਂ ਧਮਕੀਆਂ ਅੱਗੇ ਝੁਕਣ ਵਾਲੇ ਨਹੀਂ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਕੋਈ ਸਮਝੌਤਾ ਨਹੀਂ ਕਰਾਂਗਾ।

ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸੱਚ ਤਾਂ ਰਾਜਪਾਲ ਜਾਣਦੇ ਹਨ ਕਿ ਉਨ੍ਹਾ ਕਿਸ ਦੇ ਦਬਾਅ ਹੇਠ ਇਹ

ਧਮਕੀਆਂ ਅੱਗੇ ਨਹੀਂ ਝੁਕਾਂਗਾ

ਚਿੱਠੀ ਲਿਖੀ ਹੈ, ਪਰ ਇਸ ਚਿੱਠੀ ਦੀ ਇਬਾਰਤ ਸਿੱਧੇ ਤੌਰ 'ਤੇ ਪੰਜਾਬੀਆਂ ਦੀ ਹੇਠੀ ਕਰਦੀ ਹੈ, ਕਿਉਂਕਿ ਜਮਹੂਰੀਅਤਪਸੰਦ ਪੰਜਾਬੀਆਂ ਨੇ ਅਜੇ ਡੇਢ ਸਾਲ ਪਹਿਲਾਂ ਵੱਡਾ ਫਤਵਾ ਦੇ ਕੇ ਸਰਕਾਰ ਚੁਣੀ ਹੈ। ਉਨ੍ਹਾ ਕਿਹਾ ਕਿ ਰਾਜਪਾਲ ਨੂੰ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਗੱਦੀ ਉਤੋਂ ਲਾਹੁਣ ਦੀਆਂ ਧਮਕੀਆਂ ਦੇਣ ਦਾ ਕੋਈ ਹੱਕ ਨਹੀਂ। ਉਨ੍ਹਾ ਕਿਹਾ ਕਿ ਸੰਵਿਧਾਨ ਮੁਤਾਬਕ ਲੋਕਾਂ ਨੂੰ ਆਪਣੀ ਮਰਜ਼ੀ ਦੀ ਸਰਕਾਰ ਚੁਣਨ ਦਾ ਪੂਰਾ ਹੱਕ ਹੁੰਦਾ ਹੈ, ਪਰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦੇਸ਼ 'ਚ ਦਿੱਲੀ, ਪੱਛਮੀ ਬੰਗਾਲ, ਕੇਰਲਾ, ਤਾਮਿਲਨਾਡੂ ਸਮੇਤ ਹੋਰ ਗੈਰ-ਭਾਜਪਾ ਸਰਕਾਰਾਂ ਨੂੰ ਉਥੋਂ ਦੇ ਰਾਜਪਾਲਾਂ ਵੱਲੋਂ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ।

ਮਾਨ ਨੇ ਕਿਹਾ, 'ਰਾਜਪਾਲ ਨੇ ਧਾਰਾ 356 ਤਹਿਤ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਧਮਕੀ ਦਿੱਤੀ ਹੈ, ਪਰ ਦੇਸ਼ ਵਿਚ ਪੰਜਾਬ ਅਜਿਹਾ ਸੂਬਾ ਹੈ, ਜਿਸ ਨੂੰ ਧਾਰਾ 356 ਦੀ ਦੁਰਵਰਤੋਂ ਦਾ ਖਮਿਆਜ਼ਾ ਸਭ ਤੋਂ ਵੱਧ ਭੁਗਤਣਾ ਪਿਆ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਬੀਤੇ ਸਮੇਂ ਵਿੱਚ ਕੇਂਦਰ ਸਰਕਾਰਾਂ ਦੇ ਆਪਹੁਦਰੇਪਣ ਤੇ ਧੱਕੇਸ਼ਾਹੀ ਪੰਜਾਬ ਨੇ ਆਪਣੇ ਪਿੰਡੇ ਉਤੇ ਹੰਢਾਈ ਹੈ ਅਤੇ ਹੁਣ ਇਕ ਵਾਰ ਫੇਰ ਕੇਂਦਰ ਸਰਕਾਰ ਨੇ ਰਾਜਪਾਲ ਰਾਹੀਂ ਪੰਜਾਬ ਵਿਚ ਜਮਹੂਰੀ ਕਦਰਾਂ-ਕੀਮਤਾਂ ਨੂੰ ਮੁੜ ਛਿੱਕੇ ਟੰਗਣ ਦੀ ਕੋਸ਼ਿਸ਼ ਕੀਤੀ ਹੈ।'

ਮੁੱਖ ਮੰਤਰੀ ਨੇ ਕਿਹਾ ਕਿ ਅਸਲ 'ਚ ਰਾਜਪਾਲ ਸੱਤਾ ਦੀ ਵਾਗਡੋਰ ਆਪਣੇ ਹੱਥ 'ਚ ਲੈਣ ਲਈ ਸਾਜ਼ਿਸ਼ਾਂ ਰਚ ਰਹੇ ਹਨ, ਜਿਸ ਕਰਕੇ ਉਨ੍ਹਾ ਦੀ ਸਰਕਾਰ ਨੂੰ ਸੱਤਾ ਤੋਂ ਲਾਹੁਣ ਦੀਆਂ ਧਮਕੀਆਂ ਦੇ ਰਹੇ ਹਨ। ਉਨ੍ਹਾ ਰਾਜਪਾਲ ਨੂੰ ਰਾਜਸਥਾਨ ਦੀਆਂ ਅਗਾਮੀ ਵਿਧਾਨ ਸਭਾ ਚੋਣਾਂ 'ਚ ਆਪਣੀ ਕਿਸਮਤ ਅਜ਼ਮਾਉਣ ਦੀ ਸਲਾਹ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਸਮੇਂ-ਸਮੇਂ ਰਾਜਪਾਲ ਦੀਆਂ ਚਿੱਠੀਆਂ ਦਾ ਜਵਾਬ ਦੇ ਰਹੇ ਹਨ ਅਤੇ ਉਨ੍ਹਾਂ ਨੂੰ ਹੁਣ ਤੱਕ 16 ਚਿੱਠੀਆਂ ਪ੍ਰਾਪਤ ਹੋਈਆਂ ਹਨ, ਜਿਸ 'ਚੋਂ 9 ਚਿੱਠੀਆਂ ਦਾ ਜਵਾਬ ਦੇ ਚੁੱਕੇ ਹਨ ਅਤੇ ਬਾਕੀ ਚਿੱਠੀਆਂ ਦਾ ਜਵਾਬ ਛੇਤੀ ਦੇਣਗੇ, ਪਰ ਰਾਜਪਾਲ ਵੱਲੋਂ ਚੁਣੀ ਹੋਈ ਸਰਕਾਰ ਦੇ ਮੁਖੀ ਦੀ ਬਾਂਹ ਮਰੋੜਨ ਦੀ ਕੋਸ਼ਿਸ਼ ਕਰਨਾ ਗੈਰ-ਸੰਵਿਧਾਨਕ ਹੈ। ਮਾਨ ਨੇ ਕਿਹਾ ਕਿ ਉਨ੍ਹਾ ਦੀ ਸਰਕਾਰ ਨੇ ● ਬਾਕੀ ਸਫ਼ਾ 2 'ਤੇ

ਅਸੀਂ ਲੋਕਾਂ ਲਈ ਕੰਮ ਕਰ ਰਹੇ ਹਾਂ ਤੇ ਗਵਰਨਰ ਆਪਣੇ ਆਕਾਵਾਂ ਲਈ

ਚੰਡੀਗੜ੍ਹ : ਰਾਜਪਾਲ ਵੱਲੋਂ ਆਪਣੀ ਚਿੱਠੀ ਵਿੱਚ ਚੁੱਕੇ ਗਏ ਸੂਬੇ ਦੇ ਵੱਖ-ਵੱਖ ਮੁੱਦਿਆਂ ਦਾ ਅੰਕੜਿਆਂ ਨਾਲ ਜਵਾਬ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ, ਜਿਸ ਦੇ ਹਾਂ-ਪੱਖੀ ਨਤੀਜੇ ਸਾਹਮਣੇ ਆ ਰਹੇ ਹਨ। ਸੂਬੇ ਦੀ ਅਮਨ-ਕਾਨੂੰਨ ਦੀ ਵਿਵਸਥਾ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਮਾਰਚ, 2022 ਤੋਂ ਸੂਬੇ 'ਚ 50871 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ ਅਤੇ 3420 ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਟਾਟਾ ਸਟੀਲ ਵੱਲੋਂ ਦੇਸ਼ ਦਾ ਦੂਜਾ ਸਟੀਲ ਪਲਾਂਟ ਲੁਧਿਆਣਾ ਵਿਚ ਸਥਾਪਤ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਸਨਾਥਨ, ਨੈਸਲੇ, ਨਾਭਾ ਪਾਵਰ ਪਲਾਂਟ ਵੱਲੋਂ ਨਿਵੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਸੂਖਮ, ਛੋਟੇ ਤੇ ਦਰਮਿਆਨੇ ਉਦਯੋਗਾਂ ਦੀ ਰਿਕਾਰਡ 2.70 ਲੱਖ ਰਜਿਸਟ੍ਰੇਸ਼ਨ ਹੋਈ ਹੈ ਅਤੇ ਉੱਤਰੀ ਭਾਰਤ ਵਿੱਚੋਂ ਪੰਜਾਬ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ ਅਤੇ ਇਹ ਅੰਕੜੇ ਵੀ ਭਾਰਤ ਸਰਕਾਰ ਨੇ ਰਾਜ ਸਭਾ 'ਚ ਪੇਸ਼ ਕੀਤੇ ਹਨ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਇਕ ਮੋਹਰੀ ਮੈਗਜ਼ੀਨ ਨੇ ਆਪਣੀ ਅਮਨ-ਕਾਨੂੰਨ ਦੀ ਬਿਹਤਰ ਵਿਵਸਥਾ ਬਾਰੇ ਜਾਰੀ ਕੀਤੀ ਰਿਪੋਰਟ 'ਚ ਪੰਜਾਬ ਨੂੰ ਦੂਜਾ ਸਥਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਦੀ ਸਰਕਾਰ ਸੂਬੇ ਦੇ ਵਿਕਾਸ ਅਤੇ ਕਲਿਆਣਕਾਰੀ ਸਕੀਮਾਂ ਲਾਗੂ ਕਰਨ ਲਈ ਕੰਮ ਕਰ ਰਹੀ ਹੈ, ਜਦਕਿ ਰਾਜਪਾਲ ● ਬਾਕੀ ਸਫ਼ਾ 2 'ਤੇ

ਗਵਰਨਰ ਅੱਗ ਨਾਲ ਖੇਡਣ ਦੀ ਕੋਸ਼ਿਸ਼ ਨਾ ਕਰੇ : ਸੀ ਪੀ ਆਈ

ਚੰਡੀਗੜ੍ਹ : ਪੰਜਾਬ ਸੀ ਪੀ ਆਈ ਨੇ ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਦੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੇ ਬਿਆਨ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਆਖਿਆ ਕਿ ਗਵਰਨਰ ਦਾ ਬਿਆਨ ਕੇਂਦਰ ਸਰਕਾਰ ਦੇ ਆਰ ਐੱਸ ਐੱਸ ਦੇ ਏਜੰਡੇ ਨੂੰ ਲਾਗੂ ਕਰਨ ਲਈ ਕਿਸੇ ਗਹਿਰੀ ਸਾਜ਼ਿਸ਼ ਦਾ ਨਤੀਜਾ ਹੈ। ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਸ਼ਨੀਵਾਰ ਆਖਿਆ ਕਿ ਪੰਜਾਬ ਦੇ ਲੋਕਾਂ ਨੇ ਆਪਣੇ ਸੰਵਿਧਾਨਿਕ ਹੱਕਾਂ ਦੀ ਵਰਤੋਂ ਕਰਕੇ ਪੂਰੇ ਪੰਜ ਸਾਲਾਂ ਲਈ ਪੰਜਾਬ ਸਰਕਾਰ ਨੂੰ ਚੁਣਿਆ ਹੈ ਤੇ ਗਵਰਨਰ ਨੂੰ ਕੋਈ ਅਧਿਕਾਰ

ਨਹੀਂ ਕਿ ਬਿਨਾਂ ਕਿਸੇ ਗੰਭੀਰ ਕਾਰਨਾਂ ਦੇ ਅਜਿਹੇ ਧਮਕੀ ਭਰੇ ਬਿਆਨ ਰਾਹੀਂ ਪੰਜਾਬ 'ਚ ਮਨੀਪੁਰ ਜਾਂ ਹਰਿਆਣਾ ਵਰਗੇ ਹਾਲਾਤ ਪੈਦਾ ਕਰਨ ਦਾ ਆਧਾਰ ਕਾਇਮ ਕਰੇ। ਸਾਥੀ ਬਰਾੜ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਹ ਸਾਰੇ ਭਾਰਤ 'ਚ ਹੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਬਾਦ ਕਰਨ ਦੀਆਂ ਫਿਰਕੂ ਭੜਕਾਹਟਾਂ ਪੈਦਾ ਕਰ ਰਹੀ ਹੈ। ਕੇਂਦਰ ਪਹਿਲਾਂ ਹੀ ਕਈ ਗੈਰ-ਭਾਜਪਾ ਸਰਕਾਰਾਂ ਤੋੜ ਕੇ ਆਪਣੀਆਂ ਪਿੱਠੂ ਸਰਕਾਰਾਂ ਮਹਾਰਾਸ਼ਟਰ, ਮੱਧ-ਪ੍ਰਦੇਸ਼, ਪਹਿਲਾਂ ਕਰਨਾਟਕ ਤੇ ਗੋਆ ਆਦਿ ਅਨੇਕਾਂ ਥਾਵਾਂ 'ਤੇ ● ਬਾਕੀ ਸਫ਼ਾ 2 'ਤੇ

ਬਾਂਦੀਪੋਰਾ 'ਚ ਮਹਿਲਾ ਸਮੇਤ ਦੋ ਅੱਤਵਾਦੀ ਗ੍ਰਿਫ਼ਤਾਰ

ਜੰਮੂ : ਉਤਰੀ ਕਸ਼ਮੀਰ ਦੇ ਬਾਂਦੀਪੋਰਾ ਜ਼ਿਲ੍ਹੇ 'ਚ ਸ਼ਨੀਵਾਰ ਨੂੰ ਪੁਲਸ ਨੇ ਅੱਤਵਾਦੀ ਮਡਿਊਲ ਦਾ ਪਰਦਾ ਫਾਸ਼ ਕੀਤਾ। ਪੁਲਸ, ਫੌਜ ਦੀ ਅਸਾਮ ਰਾਇਫਲ 26 ਅਤੇ ਸੀ ਆਰ ਪੀ ਐੱਫ ਦੀ ਸੰਯੁਕਤ ਟੀਮ ਨੇ ਮ੍ਰਿਤਕ ਅੱਤਵਾਦੀ ਦੀ ਪਤਨੀ ਅਤੇ ਇੱਕ ਹੋਰ ਨਾਮੀ ਅੱਤਵਾਦੀ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵਾਂ ਕੋਲੋਂ ਹਥਿਆਰ ਅਤੇ ਗੋਲਾ-ਬਰੂਦ ਵੀ ਬਰਾਮਦ ਹੋਇਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਥਾਣਾ ਪੇਠਕੂਟ ਖੇਤਰ 'ਚ ਸੰਯੁਕਤ ਪਾਰਟੀ ਵੱਲੋਂ ਨਾਕਾ ਲਾਇਆ ਗਿਆ ਸੀ। ਇਸ ਦੌਰਾਨ ਇਸ ਨੂੰ ਕਾਬੂ ਕੀਤਾ ਗਿਆ। ਇਹਨਾਂ ਦੇ ਕਬਜ਼ੇ 'ਚੋਂ ਇੱਕ ਪਿਸਤੌਲ, ਇੱਕ ਮੈਗਜ਼ੀਨ, ਅੱਠ ਰੌਂਦ ਅਤੇ ਹੋਰ ਗੈਰ-ਕਾਨੂੰਨੀ ਸਮਗਰੀ ਬਰਾਮਦ ਕੀਤੀ ਗਈ। ਇਸ ਦੀ ਪਛਾਣ ਸ਼ਫਾਇਤ ਜ਼ੁਬੈਰ ਰਿਸ਼ੀ ਦੇ ਰੂਪ 'ਚ ਕੀਤੀ ਗਈ ਅਤੇ ਉਹ ਨੇਸਬਲ ਸੁੰਬਲ ਦਾ ਰਹਿਣ ਵਾਲਾ ਹੈ। ਪੁੱਛਗਿੱਛ 'ਚ ਮੁਲਜ਼ਮ ਨੇ ਦੱਸਿਆ ਕਿ ਉਹ ਪਜਲਪੋਰਾ ਇਲਾਕੇ 'ਚ ਮਾਰੇ ਗਏ ਅੱਤਵਾਦੀ ਅਤੇ ਏਰੀਆ ਕਮਾਂਡਰ ਯੂਸਫ਼ ਚੌਪਾਨ ਦੀ ਪਤਨੀ ਮੁਨੀਰਾ ਬੇਗਮ ਤੋਂ ਹਥਿਆਰਾਂ ਦਾ ਜ਼ਖ਼ੀਰਾ ਲੈਣ ਜਾ ਰਿਹਾ ਸੀ। ਉਸ ਨੇ ਇਹ ਵੀ ਦੱਸਿਆ ਕਿ ਉਹ ਪਾਕਿਸਤਾਨ ਸਥਿਤ ਮੁਸ਼ਤਾਕ ਅਹਿਮਦ ਮੀਰ ਦੇ ਸੰਪਰਕ 'ਚ ਸੀ। ਸ਼ਫਾਇਤ 2009 'ਚ ਸੁੰਬਲ 'ਚ ਫੌਜ ਦੇ ਇੱਕ ਵਾਹਨ ਨੂੰ ਸਾੜਨ 'ਚ ਵੀ ਸ਼ਾਮਲ ਰਿਹਾ ਅਤੇ ਉਕਤ ਮਾਮਲੇ 'ਚ ਜ਼ਮਾਨਤ 'ਤੇ ਸੀ।

ਪੁਲਸ ਨੇ ਮੁਨੀਰ ਬੇਗਮ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਉਸ ਦੇ ਖੁਲਾਸੇ 'ਤੇ ਜੰਗਲ ਵਿਚੋਂ ਏ ਕੇ 47 ਰਾਇਫਲ, ਤਿੰਨ ਮੈਗਜ਼ੀਨ, 90 ਰੌਂਦ ਅਤੇ ਇੱਕ ਪੈੱਨ ਪਿਸਤੌਲ ਸਮੇਤ ਹਥਿਆਰ ਅਤੇ ਗੋਲਾ-ਬਾਰੂਦ ਬਰਾਮਦ ਕੀਤਾ ਹੈ।

81 ਸਾਲ ਦੀ ਉਮਰ 'ਚ ਗੀਤਕਾਰ ਦੇਵ ਕੋਹਲੀ ਦਾ ਦੇਹਾਂਤ

ਮੁੰਬਈ : ਸ਼ੰਕਰ-ਜੈਕਿਸ਼ਨ ਤੋਂ ਲੈ ਕੇ ਵਿਸ਼ਾਲ ਅਤੇ ਸ਼ੇਖਰ ਤੱਕ, ਤਜਰਬੇਕਾਰ ਗੀਤਕਾਰ ਦੇਵ ਕੋਹਲੀ ਨੇ ਕਈ ਪੀੜ੍ਹੀਆਂ ਦੇ ਸੰਗੀਤਕਾਰਾਂ ਦੇ ਨਾਲ ਕੰਮ ਕੀਤਾ। ਹੁਣ ਸੰਗੀਤ ਦੀ ਦੁਨੀਆ ਲਈ ਮੰਦਭਾਗੀ ਖ਼ਬਰ ਹੈ, ਕਿਉਂਕਿ ਸ਼ਨੀਵਾਰ ਦਿੱਗਜ਼ ਹਿੰਦੀ ਫ਼ਿਲਮ ਗੀਤਕਾਰ ਦੇਵ ਕੋਹਲੀ ਨੇ 81 ਸਾਲ ਦੀ ਉਮਰ 'ਚ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਕੋਹਲੀ, ਜਿਨ੍ਹਾ ਕਈ ਹਿੰਦੀ ਫ਼ਿਲਮਾਂ ਲਈ 100 ਤੋਂ ਵੱਧ ਗੀਤ ਲਿਖੇ, ਨੇ ਸਲਮਾਨ ਖਾਨ ਅਤੇ ਭਾਗਿਆਸ਼੍ਰੀ ਦੀ 'ਮੈਨੇ ਪਿਆਰ ਕੀਆ' 'ਚ ਆਪਣੇ ਕੰਮ ਲਈ ਬਹੁਤ ਪ੍ਰਸ਼ੰਸਾ ਹਾਸਲ ਕੀਤੀ। ਉਨ੍ਹਾ 'ਬਾਜ਼ੀਗਰ', 'ਹਮ ਆਪ ਕੇ ਹੈ ਕੌਨ' ਲਈ ਵੀ ਗੀਤ ਲਿਖੇ। ਕੋਹਲੀ ਦੇ ਬੁਲਾਰੇ ਪ੍ਰੀਤਮ ਸ਼ਰਮਾ ਨੇ ਉਨ੍ਹਾ ਦੇ ਦੇਹਾਂਤ ਦੀ ਪੁਸ਼ਟੀ ਕੀਤੀ। ਉਨ੍ਹਾ ਦੱਸਿਆ, 'ਕੋਹਲੀ ਪਿਛਲੇ ਕੁਝ ਮਹੀਨਿਆਂ ਤੋਂ ਕੋਕਿਲਾ ਬੇਨ ਅੰਬਾਨੀ ਹਸਪਤਾਲ 'ਚ ਭਰਤੀ ਸਨ, ਉਨ੍ਹਾ ਦੀ ਸਿਹਤ ਠੀਕ ਨਹੀਂ ਸੀ ਅਤੇ ਸ਼ਨੀਵਾਰ ਦੀ ਸਵੇਰੇ ਨੀਂਦ 'ਚ ਹੀ ਉਨ੍ਹਾ ਦਾ ਦੇਹਾਂਤ ਹੋ ਗਿਆ।' 81 ਸਾਲਾ ਕੋਹਲੀ ਬਟਵਾਰੇ ਤੋਂ ਬਾਅਦ ਆਪਣੇ ਪਰਵਾਰ ਨਾਲ ਭਾਰਤ ਆਏ ਅਤੇ 1969 'ਚ 'ਗੁੰਡਾ' ਫ਼ਿਲਮ ਨਾਲ ਆਪਣੀ ਸ਼ੁਰੂਆਤ ਕੀਤੀ, ਹਾਲਾਂਕਿ ਲੋਕਾਂ ਨੇ ਉਨ੍ਹਾ ਦੇ ਕੰਮ 'ਤੇ ਬਹੁਤ ਬਾਅਦ ਧਿਆਨ ਦਿੱਤਾ, ਜਦ 'ਲਾਲ ਪੱਥਰ 1971' ਦਾ ਗੀਤ 'ਗੀਤ ਗਾਤਾ ਹੂੰ ਮੈਂ' ਰਿਲੀਜ਼ ਹੋਇਆ, ਜੋ ਬਹੁਤ ਹਿੱਟ ਹੋਇਆ। ਦੇਵ ਕੋਹਲੀ ਨੇ ਕਈ ਹਿੱਟ ਗੀਤ, ਜਿਨ੍ਹਾਂ 'ਚ 'ਮਾਏ ਨੀ ਮਾਏ', 'ਯੇਹ ਕਾਲੀ ਕਾਲੀ ਆਂਖੇਂ', 'ਗੀਤ ਗਾਤਾ ਹੂੰ', 'ਓ ਸਾਕੀ ਸਾਕੀ' ਦਿੱਤੇ।

ਪਾਕਿਸਤਾਨ ਦੇ ਰਾਵਲਪਿੰਡੀ 'ਚ ਜਨਮੇ ਦੇਵ ਕੋਹਲੀ ਨੇ ਬਾਲੀਵੁੱਡ ਫ਼ਿਲਮਾਂ ਲਈ ਲੱਗਭੱਗ ਸੌ ਤੋਂ ਵੱਧ ਗੀਤ ਲਿਖੇ। ਉਨ੍ਹਾ ਮਰਹੂਮ ਸ਼ੰਕਰ-ਜੈਕਿਸ਼ਨ, ਲਕਸ਼ਮੀਕਾਂਤ-ਪਿਆਰੇ ਲਾਲ, ਆਰ ਡੀ ਬਰਮਨ, ਅਨੂ ਮਲਿਕ, ਰਾਮ-ਲਕਸ਼ਮਣ, ਆਨੰਦ ਰਾਜ ਆਨੰਦ, ਆਨੰਦ-ਮਿਲਿੰਦ, ਵਿਸ਼ਾਲ-ਸ਼ੇਖਰ ਅਤੇ ਉੱਤਮ ਸਿੰਘ ਸਮੇਤ ਬਹੁਤ ਸਾਰੇ ਸੰਗੀਤ ਨਿਰਦੇਸ਼ਕਾਂ ਨਾਲ ਕੰਮ ਕੀਤਾ।

ਨੂਹ 'ਚ ਫਿਰ ਇੰਟਰਨੈੱਟ ਤੇ ਐੱਸ ਐੱਮ ਐੱਸ ਬੰਦ

ਨਵੀਂ ਦਿੱਲੀ : ਹਰਿਆਣਾ ਦੇ ਨੂਹ ਜ਼ਿਲ੍ਹੇ 'ਚ ਇੱਕ ਵਾਰ ਫਿਰ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ ਹੈ। ਇਸ ਦਾ ਕਾਰਨ ਹਿੰਦੂ ਸੰਗਠਨਾਂ ਵੱਲੋਂ 28 ਅਗਸਤ ਨੂੰ ਬ੍ਰਜ ਮੰਡਲ ਯਾਤਰਾ ਰੱਦ ਨਾ ਕਰਨਾ ਹੈ। ਇਸ 'ਚ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਸਥਿਤੀ ਨੂੰ ਰੋਕਣ ਲਈ ਪ੍ਰਸ਼ਾਸਨ ਨੇ ਮੋਬਾਇਲ ਇੰਟਰਨੈੱਟ ਅਤੇ ਐੱਸ ਐੱਮ ਐੱਸ ਸੇਵਾਵਾਂ ਨੂੰ ਦੋ ਦਿਨ ਲਈ ਬੰਦ ਕਰ ਦਿੱਤਾ ਹੈ। ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੇ ਹਿੰਦੂ ਸੰਗਠਨਾਂ ਨੂੰ 28 ਅਗਸਤ ਨੂੰ ਨੂਹ 'ਚ ਬ੍ਰਜ ਮੰਡਲ ਯਾਤਰਾ ਕੱਢਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਿਛਲੇ ਮਹੀਨੇ ਨੂਹ 'ਚ ਬ੍ਰਜ ਮੰਡਲ ਯਾਤਰਾ ਦੌਰਾਨ ਹੀ ਸੰਪਰਦਾਇਕ ਝੜਪ ਹੋਈ ਸੀ।

ਚੰਦਰਯਾਨ-3 ਲੈਂਡਰ ਚੰਦ 'ਤੇ ਜਿਸ ਥਾਂ ਉੱਤਰਿਆ, ਉਸ ਦਾ ਨਾਂਅ ਸ਼ਿਵ ਸ਼ਕਤੀ ਪੁਆਇੰਟ ਰੱਖਿਆ ਜਾਵੇਗਾ : ਮੋਦੀ

ਬੰਗਲੌਰ : ਚੰਦਰਯਾਨ-3 ਮਿਸ਼ਨ ਦੀ ਸਫਲਤਾ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਨੀਵਾਰ ਯੂਨਾਨ ਦੀ ਰਾ

27-AUG-PAGE-1.qxd 8/26/2023 10:14 PM Page 2

ਅੱਖਾਂ ਦਾਨ ਕਰਨ ਸੰਬੰਧੀ ਪੰਦਰਵਾੜੇ ਦੀ ਜ਼ਿਲ੍ਹਾ ਹਸਪਤਾਲ ਤੋਂ ਕੀਤੀ ਸ਼ੁਰੂਆਤ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਡਾਇਰੈਕਟਰ, ਸਿਹਤ ਤੇ ਪਰਵਾਰ ਭਲਾਈ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸਾ ਅਨੁਸਾਰ 'ਨੈਸ਼ਨਲ ਪ੍ਰੋਗਰਾਮ ਫਾਰ ਕੰਟਰੋਲ ਆਫ਼ ਬਲਾਇੰਡਨੈਸ ਐਂਡ ਵਿਜ਼ੂਅਲ ਇੰਪੇਅਰਮੇਂਟ' ਤਹਿਤ 25 ਅਗਸਤ ਤੋਂ 8 ਸਤੰਬਰ ਤੱਕ 38ਵਾਂ ਅੱਖਾਂ ਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਜ਼ਿਲ੍ਹੇ ਅੰਦਰ ਇਸ ਦੀ ਸ਼ੁਰੂਆਤ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਸਿਵਲ ਹਸਪਤਾਲ ਤੋਂ ਕੀਤੀ। ਇਸ ਮੌਕੇ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਡਾ ਦਵਿੰਦਰਜੀਤ ਕੌਰ ਨੇ ਕਿਹਾ ਅੱਖਾਂ ਦਾ ਦਾਨ ਇੱਕ ਮਹਾਨ ਦਾਨ ਹੈ, ਅੱਖਾਂ ਸਿਰਫ਼ ਜੀਵਨ ਤੋਂ ਬਾਅਦ ਹੀ ਦਾਨ ਕੀਤੀਆਂ ਜਾ ਸਕਦੀਆਂ ਹਨ, ਅੱਖਾਂ ਦਾਨ ਕਰਨ ਵਾਲਾ ਇੱਕ ਵਿਅਕਤੀ ਕਿਸੇ ਦੋ ਲੋੜਵੰਦ ਵਿਅਕਤੀਆਂ ਦੀ ਜ਼ਿੰਦਗੀ ਨੂੰ ਰੌਸ਼ਨ ਕਰ ਸਕਦਾ ਹੈ। ਇਸ ਲਈ ਸਾਨੂੰ ਲੋੜਵੰਦ ਵਿਅਕਤੀਆਂ ਨੂੰ ਇਹ ਦ੍ਰਿਸ਼ਟੀ ਦਾ ਤੋਹਫ਼ਾ ਦੇਣਾ ਚਾਹੀਦਾ ਹੈ। ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਕਾਰ ਸਿੰਘ ਨੇ ਕਿਹੜੇ ਵਿਅਕਤੀ ਅੱਖਾਂ ਦਾਨ ਕਰ ਸਕਦੇ ਹਨ ਤੇ ਕਿਹੜੇ ਨਹੀਂ ਕਰ ਸਕਦੇ ਬਾਰੇ ਜਾਣਕਾਰੀ ਦਿੱਤੀ, ਜਦਕਿ ਅੱਖਾਂ ਦੇ ਮਾਹਰ ਡਾ. ਜਸਪ੍ਰੀਤ ਸਿੰਘ ਬੇਦੀ ਨੇ ਅੱਖਾਂ ਦਾਨ ਕਰਨ ਸਬੰਧੀ ਸਰਕਾਰ ਦੀ ਆਨਲਾਈਨ ਸਾਈਟ, ਅੱਖਾਂ ਦੀਆਂ ਬਿਮਾਰੀਆਂ, ਉਨ੍ਹਾਂ ਦੇ ਚਿੰਨ੍ਹ ਅਤੇ ਲੱਛਣ, ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਆਦਿ ਸਬੰਧੀ ਭਰਪੂਰ ਜਾਣਕਾਰੀ ਦਿੱਤੀ।

ਲਾਇਨ ਕਲੱਬ ਰਾਇਲ ਵੱਲੋਂ ਹਸਪਤਾਲ ਲਈ ਵਾਟਰ ਕੂਲਰ ਭੇਟ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਲਾਇਨ ਕਲੱਬ ਰਾਇਲ ਦੀ ਟੀਮ ਨੇ ਪ੍ਰਧਾਨ ਜੀਵਨ ਗਰਗ ਦੀ ਅਗਵਾਈ ਹੇਠ ਵਿੱਚ ਬਣ ਰਹੇ ਮਹਾਂਵੀਰ ਦਲ ਹੌਸਪੀਟਲ ਨੂੰ ਵਾਟਰ ਕੂਲਰ ਭੇਟ ਕੀਤਾ। ਇਸ ਮੌਕੇ ਪ੍ਰਧਾਨ ਜੀਵਨ ਗਰਗ ਨੇ ਦੱਸਿਆ ਕਿ ਪਿਛਲੇ ਮਹੀਨੇ ਟ੍ਰੀ ਪਲਾਂਟੇਸ਼ਨ ਦੇ ਕੈਂਪ ਦੌਰਾਨ ਹਸਪਤਾਲ ਵੱਲੋਂ ਇਕ ਵਾਟਰ ਕੂਲਰ ਦੀ ਜ਼ਰੂਰਤ ਦਰਸਾਈ ਗਈ ਸੀ, ਜਿਸ ਨੂੰ ਬਹੁਤ ਹੀ ਜਲਦੀ ਐਸ ਬੀ ਆਈ ਬੈਂਕ ਦੇ ਸਹਿਯੋਗ ਨਾਲ ਪੂਰਾ ਕਰ ਦਿੱਤਾ ਗਿਆ। ਐਸ ਬੀ ਆਈ ਬੈਂਕ ਦੇ ਚੰਡੀਗੜ੍ਹ ਸ੍ਰੀਮਤੀ ਅਰੁਣਾ ਠਾਕੁਰ ਨੇ ਸਮਾਜਿਕ ਸੇਵਾ ਮੁਹਿੰਮ ਦੇ ਤਹਿਤ ਇਹ ਵਾਟਰ ਕੂਲਰ ਹਸਪਤਾਲ ਨੂੰ ਸੌਂਪਿਆ। ਉਨ੍ਹਾਂ ਦੱਸਿਆ ਕਿ ਬੈਂਕ ਵੱਲੋਂ ਹਸਪਤਾਲਾਂ ਨੂੰ ਲੋਕਾਂ ਦੀ ਸਹੂਲਤ ਲਈ ਇਹ ਸੇਵਾ ਕੀਤੀ ਗਈ ਹੈ ਤੇ ਲਾਇਨ ਕਲੱਬ ਰਾਇਲ ਦੀ ਤਾਰੀਫ਼ ਕੀਤੀ ਤੇ ਐਸ ਬੀ ਆਈ ਐਸ ਐਮ ਈ ਬ੍ਰਾਂਚ ਨਾਲ ਸਮਾਜਿਕ ਸੇਵਾ ਵਿੱਚ ਸਹਿਯੋਗ ਬਣਾਏ ਰੱਖਣ ਲਈ ਧੰਨਵਾਦ ਕੀਤਾ। ਇਸ ਮੌਕੇ ਮਹਾਂਵੀਰ ਦਲ ਹਸਪਤਾਲ ਦੇ ਡਾਇਰੈਕਟਰ ਰਜਤ ਗੋਇਲ ਨੇ ਸਾਰੇ ਹਾਜ਼ਰ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਦੱਸਿਆ ਕਿ ਲਾਇਨ ਕਲੱਬ ਰਾਇਲ ਨੇ ਇਸ ਨਿਰਮਾਣ ਅਧੀਨ ਹਸਪਤਾਲ 'ਚ ਪਹਿਲਾ ਵੀ ਬਹੁਤ ਯੋਗਦਾਨ ਦਿੱਤਾ ਗਿਆ ਹੈ ਤੇ ਅੱਗੇ ਵੀ ਹਰ ਤਰ੍ਹਾਂ ਦੀ ਮਦਦ ਲਈ ਹਰ ਵਕਤ ਹਾਜ਼ਰ ਰਹਿਣ ਦਾ ਭਰੋਸਾ ਦਿੱਤਾ ਹੈ।

ਅਫ਼ਸਰ ਕਲੋਨੀ ਪਾਰਕ 'ਚ ਤੀਆਂ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ

ਸੰਗਰੂਰ (ਪ੍ਰਵੀਨ ਸਿੰਘ)-ਅਫ਼ਸਰ ਕਲੋਨੀ ਪਾਰਕ ਵਿਖੇ ਮਨਾਏ ਤੀਆਂ ਦੇ ਤਿਉਹਾਰ ਦੇ ਸਮਾਪਤੀ ਸਮਾਗਮ ਦੇ ਪ੍ਰਬੰਧਕ ਮਾਸਟਰ ਪਰਮਵੇਦ, ਸੁਰਿੰਦਰ ਸਿੰਘ ਭਿੰਡਰ, ਰਣਦੀਪ ਸਿੰਘ ਰਾਓ, ਨਾਜਰ ਸਿੰਘ, ਕ੍ਰਿਸ਼ਨ ਸਿੰਘ ਤੇ ਗੁਰਤੇਜ ਸਿੰਘ ਚਹਿਲ ਨੇ ਦੱਸਿਆ ਕਿ ਇਹ ਤਿਉਹਾਰ ਭਾਈਚਾਰਕ ਸਾਂਝ, ਆਪਸੀ ਮਿਲਵਰਤਣ, ਪ੍ਰੇਮ ਪਿਆਰ, ਇਕਸੁਰਤਾ ਤੇ ਸਹਿਜਤਾ ਸਿਰਜਦਾ ਹੋਇਆ ਕਲੋਨੀ ਦੀਆਂ ਸਮੁੱਚੀਆਂ ਔਰਤਾਂ ਤੇ ਬੱਚੀਆਂ ਵੱਲੋਂ ਪੂਰੇ ਉਤਸ਼ਾਹ ਤੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਉਨ੍ਹਾਂ ਹੜ੍ਹ ਪੀੜਤਾਂ ਪਰਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਵੀ ਕੀਤਾ। ਇਹ ਤਿਉਹਾਰ ਜਿਹੜਾ 20 ਤੋਂ 24 ਅਗਸਤ ਤੱਕ ਚੱਲਿਆ ਦੀ ਸੰਚਾਲਕਾਵਾਂ ਸੁਨੀਤਾ ਰਾਣੀ, ਅੰਮ੍ਰਿਤਪਾਲ ਕੌਰ ਚਹਿਲ, ਬਲਜਿੰਦਰ ਕੌਰ ਭਿੰਡਰ, ਜਸਵੀਰ ਕੌਰ ਸੋਖੋਂ, ਅਮਨਦੀਪ ਕੌਰ ਸੰਧੂ, ਬਲਜਿੰਦਰ ਕੌਰ ਤੂਰ, ਪ੍ਰੇਮਿਲਾ ਜੈਨ ਨੇ ਦੱਸਿਆ ਕਿ ਔਰਤਾਂ ਤੇ ਬੱਚੀਆਂ ਨੇ ਪੰਜਾਬੀ ਗਿੱਧੇ ਦੌਰਾਨ ਪੰਜਾਬੀ ਬੋਲੀਆਂ, ਲੋਕ ਗੀਤਾਂ, ਪੁਰਾਤਨ ਝਾਕੀਆਂ ਰਾਹੀਂ ਹਾਜ਼ਰੀ ਲਵਾ ਕੇ ਖੂਬ ਰੰਗ ਬੰਨ੍ਹਿਆ।

ਲਾਈਨ ਵੈੱਲਫੇਅਰ ਕਲੱਬ ਨੇ ਸੀਮਿੰਟ ਦੇ ਬੈਂਚ ਲਗਾਏ

ਬਾਘਾ ਪੁਰਾਣਾ (ਮਨੀ ਸਿੰਗਲਾ)- ਲਾਈਫ ਲਾਈਨ ਵੈੱਲਫੇਅਰ ਕਲੱਬ ਦੇ ਮੈਂਬਰ ਰਮਨਦੀਪ ਅਰੋੜਾ, ਬਲਵਿੰਦਰ ਸਿੰਘ, ਸ਼ਰਨਜੀਤ ਸਿੰਘ ਨੇ ਕਿਹਾ ਕਿ ਲੰਮੇ ਸਮੇਂ ਤੋਂ ਦੇਖ ਰਹੇ ਹਾਂ ਕਿ ਵਿਚਾਰੇ ਬਜ਼ੁਰਗ ਬੱਸ ਸਟੈਂਡ ਵਿੱਚ ਬੱਸ ਦੀ ਉਡੀਕ ਵਿੱਚ ਖੜੇ ਹੁੰਦੇ ਹਨ, ਪਰ ਬੈਠਣ ਲਈ ਕੋਈ ਵੀ ਥਾਂ ਨਹੀਂ ਹੁੰਦੀ, ਉਤੋਂ ਅੱਤ ਦੀ ਗਰਮੀ ਪੈ ਰਹੀ ਹੁੰਦੀ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਬਜ਼ੁਰਗਾਂ ਨੂੰ ਬੈਠਣ ਲਈ ਜਿਵੇਂ ਕਿ ਬੱਸ ਸਟੈਂਡ, ਕਮੇਟੀ ਘਰ, ਤਹਿਸੀਲ ਕੰਪਲੈਕਸ, ਸਰਕਾਰੀ ਹਸਪਤਾਲ ਤੇ ਹੋਰਨਾਂ ਥਾਵਾਂ 'ਤੇ ਵੀ ਬੈਂਚ ਲਗਾਏ ਗਏ ਤਾਂ ਕਿ ਬਜ਼ੁਰਗਾਂ ਨੂੰ ਕੋਈ ਵੀ ਮੁਸ਼ਕਲ ਨਾ ਆਵੇ। ਲਾਈਫ ਲਾਈਨ ਵੈੱਲਫੇਅਰ ਕਲੱਬ ਦੀ ਪੂਰੀ ਟੀਮ ਲੋੜਵੰਦਾਂ ਦੀ ਸਹਾਇਤਾ ਕਰਨ ਵਿੱਚ ਪੂਰੀ ਤਰ੍ਹਾਂ ਨਾਲ ਖੜੀ ਹੈ। ਉਨ੍ਹਾਂ ਕਿਹਾ ਕਿ ਹਰ ਮਹੀਨੇ ਰਾਸ਼ਨ ਦੇਣਾ, ਟਰਾਈ ਸਾਈਕਲ ਵੰਡਣੇ, ਨੌਜਵਾਨਾਂ ਦੀਆਂ ਖੇਡਾਂ ਕਰਾਉਣੀਆਂ ਤਾਂ ਕਿ ਉਹ ਨਸ਼ੇ ਤੋਂ ਦੂਰ ਰਹਿਣ।

ਵਪਾਰ ਮੰਡਲ (ਆਪ) ਵੱਲੋਂ ਸ਼ਹਿਰ 'ਚ ਦਰਪੇਸ਼ ਮੁਸ਼ਕਲਾਂ ਸੰਬੰਧੀ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਆਮ ਆਦਮੀ ਪਾਰਟੀ ਦੇ ਵਪਾਰ ਮੰਡਲ ਟੀਮ ਦੀ ਇੱਕ ਮੀਟਿੰਗ ਨਵੀਂ ਦਾਣਾ ਮੰਡੀ ਸਥਿਤ ਦੁਕਾਨ ਨੰਬਰ 105 ਏ 'ਤੇ ਹੋਈ। ਇਸ ਮੀਟਿੰਗ ਦੌਰਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਜ਼ਿਲ੍ਹਾ ਪ੍ਰਧਾਨ ਰਜੀਵ ਕੁਮਾਰ ਕਾਕਾ ਗਾਂਧੀ ਤੇ ਸ਼ਹਿਰੀ ਪ੍ਰਧਾਨ ਕੁਲਵਿੰਦਰ ਸਿੰਘ ਕੰਡਾ ਵੱਲੋਂ ਸ਼ਹਿਰ ਵਿੱਚ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਸ਼ਹਿਰ ਵਿੱਚ ਸੜਕੀ ਹਾਦਸਿਆਂ ਦਾ ਕਾਰਨ ਬਣ ਰਹੇ ਆਵਾਰਾ ਪਸ਼ੂ, ਜਲਾਲਾਬਾਦ ਰੋਡ 'ਤੇ ਬਣੇ ਪੁਲ ਦੇ ਥੱਲੇ ਤੇ ਪੁਰਾਣੀ ਦਾਣਾ ਮੰਡੀ ਨੂੰ ਜਾਣ ਵਾਲੇ ਰਸਤੇ 'ਤੇ ਸਪੀਡ ਬਰੇਕਰ ਬਣਵਾਉਣ ਦੀ ਮੰਗ ਕੀਤੀ ਗਈ, ਉਥੇ ਹੀ ਸ਼ਹਿਰ ਦੇ ਨਾਕਾ ਨੰਬਰ-2 ਦੇ ਸੀਵਰੇਜ ਸਿਸਟਮ ਤੇ ਜਲਾਲਾਬਾਦ ਰੋਡ 'ਤੇ ਸਥਿਤ ਸ਼ਮਸ਼ਾਨ ਘਾਟ ਵਿੱਚ ਬਣੇ ਮੰਦਿਰ ਸੰਬੰਧੀ ਚੱਲ ਰਹੇ ਵਿਵਾਦ ਬਾਰੇ ਵੀ ਟੀਮ ਨਾਲ ਵਿਚਾਰ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਸ਼ਹਿਰ ਦੇ ਸਾਰੇ ਵਰਗ ਦੇ ਵਪਾਰੀਆਂ ਦੀਆਂ ਮੁਸ਼ਕਲਾਂ ਦੇ ਹੱਲ ਸਬੰਧੀ ਪ੍ਰਧਾਨਾਂ ਨਾਲ ਮੀਟਿੰਗ ਕਰਨ ਲਈ ਟੀਮ ਮੈਂਬਰਾਂ ਨੇ ਆਪਣੇ ਆਪਣੇ ਵਿਚਾਰ ਰੱਖੇ।

ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਹੋਈ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਦੱਸਿਆ ਕਿ ਮੀਟਿੰਗ 'ਚ ਜਥੇਬੰਦੀ ਦੁਆਰਾ ਪਿਛਲੇ ਸਮੇਂ 'ਚ ਕੀਤੇ ਸੰਘਰਸ਼ਾਂ ਦੀ ਸਮੀਖਿਆ ਕੀਤੀ ਗਈ ਤੇ ਰਹੀਆਂ ਕਮੀਆਂ ਪੇਸ਼ੀਆਂ ਨੂੰ ਭਵਿੱਖ ਵਿੱਚ ਦੂਰ ਕਰਨ ਦਾ ਅਹਿਦ ਕੀਤਾ ਗਿਆ। ਜਥੇਬੰਦੀ ਵੱਲੋਂ ਕਰਵਾਈ ਜਾਂਦੀ ਸਾਲਾਨਾ ਵਜ਼ੀਫ਼ਾ ਪ੍ਰੀਖਿਆ ਬਾਰੇ ਰੂਪ-ਰੇਖਾ ਉਲੀਕਦੇ ਹੋਏ ਇਹ ਪ੍ਰੀਖਿਆ ਜਨਵਰੀ 2024 ਵਿੱਚ ਕਰਾਉਣ ਦਾ ਫੈਸਲਾ ਕੀਤਾ ਗਿਆ। ਦੋ ਸਬ-ਕਮੇਟੀਆਂ ਬਣਾ ਕੇ ਇਸ ਪ੍ਰੀਖਿਆ ਲਈ ਪੜ੍ਹਨ ਸਮੱਗਰੀ ਦੇ ਤੌਰ 'ਤੇ ਦੇਸ਼ ਭਗਤੀ, ਸਮਾਜਿਕ ਅਲਾਮਤਾਂ, ਸਰਕਾਰ ਦੁਆਰਾ ਸਕੂਲੀ ਸਿਲੇਬਸ ਵਿੱਚੋਂ ਹਟਾਏ ਗਏ ਅਗਾਂਹਵਧੂ ਵਿਸ਼ਿਆਂ ਤੇ ਲੇਖਣੀਆਂ 'ਤੇ ਅਧਾਰਤ ਕਿਤਾਬਚੇ ਛਾਪਣ ਦਾ ਫੈਸਲਾ ਕੀਤਾ ਗਿਆ। ਵਿੱਤ ਸਕੱਤਰ ਯਾਦਵਿੰਦਰ ਪਾਲ ਨੇ ਜਥੇਬੰਦੀ ਦੀ ਵਿੱਤੀ ਸਥਿਤੀ ਤੋਂ ਜਾਣੂੰ ਕਰਵਾਇਆ ਤੇ ਬਲਾਕਾਂ ਨੂੰ ਬਣਦਾ ਫੰਡ ਜਮ੍ਹਾਂ ਕਰਵਾਉਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਉਕਤ ਆਗੂਆਂ ਤੋਂ ਇਲਾਵਾ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ, ਜਥੇਬੰਦਕ ਸਕੱਤਰ ਪਵਨ ਕੁਮਾਰ, ਪ੍ਰੈਸ ਸਕੱਤਰ ਜਸਬੀਰ ਨਮੋਲ ਤੇ ਬਲਾਕਾਂ ਦੇ ਆਗੂ ਨਾਇਬ ਸਿੰਘ, ਗੁਰਮੀਤ ਸੇਖੂਵਾਸ, ਗਗਨਦੀਪ ਧੂਰੀ, ਸਰਬਜੀਤ ਕਿਸ਼ਨਗੜ੍ਹ, ਕੁਲਵਿੰਦਰ ਸਿੰਘ, ਮਹਿੰਦਰ ਪ੍ਰਤਾਪ, ਕੁਲਜੀਤ ਈਸਾਪੁਰ ਤੇ ਪਰਵਿੰਦਰ ਉਭਾਵਾਲ ਸ਼ਾਮਲ ਹੋਏ।

ਪੀ ਯੂ ਪ੍ਰਧਾਨ ਪਰਮਿੰਦਰ ਸਿੰਘ ਨਿੱਝਰ ਸੀ ਵਾਈ ਐੱਸ ਐੱਸ 'ਚ ਸ਼ਾਮਲ

ਚੰਡੀਗੜ੍ਹ (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ (ਆਪ) ਸਾਡੇ ਦੇਸ਼ ਦੇ ਨੌਜਵਾਨਾਂ ਵਿੱਚ ਸਭ ਤੋਂ ਵੱਧ ਹਰਮਨਪਿਆਰੀ ਪਾਰਟੀ ਹੈ ਅਤੇ ਪੰਜਾਬ ਦੇ ਹੋਰ ਨੌਜਵਾਨ ਆਗੂਆਂ ਦਾ ਕਾਂਗਰਸ ਛੱਡ ਕੇ 'ਆਪ' ਵਿੱਚ ਸ਼ਾਮਲ ਹੋਣਾ ਉਸ ਦੀ ਲੋਕਪ੍ਰਿਅਤਾ ਦਾ ਸਬੂਤ ਹੈ। ਸ਼ਨੀਵਾਰ ਨੂੰ ਐੱਨ.ਐੱਸ.ਯੂ.ਆਈ ਨੂੰ ਉਸ ਸਮੇਂ ਵੱਡਾ ਝਟਕਾ ਲੱਗਿਆ, ਜਦੋਂ ਉਸ ਦੇ ਪੀਯੂ ਪ੍ਰਧਾਨ ਪਰਮਿੰਦਰ ਸਿੰਘ ਨਿੱਝਰ, ਸੀਨੀਅਰ ਵਿਦਿਆਰਥੀ ਆਗੂ ਗਗਨਦੀਪ ਸਿੰਘ ਬਰਾੜ ਆਪਣੀ ਪੂਰੀ ਟੀਮ ਦੇ ਨਾਲ ਆਪ ਵਿਧਾਇਕ ਅਤੇ ਯੂਥ ਵਿੰਗ ਦੇ ਪ੍ਰਧਾਨ ਦਵਿੰਦਰਜੀਤ ਸਿੰਘ ਲਾਡੀ ਢੋਂਸ ਅਤੇ ਯੂਥ ਆਗੂ ਅਤੇ ਚੇਅਰਮੈਨ ਪਰਮਿੰਦਰ ਗੋਲਡੀ ਦੀ ਹਾਜ਼ਰੀ ਵਿੱਚ ਸੀ.ਵਾਈ.ਐੱਸ.ਐੱਸ ਵਿੱਚ ਸ਼ਾਮਲ ਹੋ ਗਏ। ਪਰਮਿੰਦਰ ਨਿੱਝਰ ਅਤੇ ਉਨ੍ਹਾਂ ਦੀ ਟੀਮ ਨੂੰ ਕੈਬਿਨਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਅਧਿਕਾਰਤ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨੌਜਵਾਨ ਆਗੂ ਸਾਡਾ ਭਵਿੱਖ ਹਨ ਅਤੇ ਸਾਡੇ ਸਮਾਜ ਨੂੰ ਅੱਗੇ ਲਿਜਾਣ ਲਈ ਉਨ੍ਹਾਂ ਵਿੱਚ ਹਮੇਸ਼ਾ ਨਵੇਂ ਸ਼ਾਨਦਾਰ ਵਿਚਾਰ ਅਤੇ ਊਰਜਾ ਹੁੰਦੀ ਹੈ।

ਪਰਮਿੰਦਰ ਸਿੰਘ ਨਿੱਝਰ ਨੇ ਬਾਅਦ ਵਿੱਚ 'ਆਪ' ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਨਵੇਂ ਹੋਸਟਲ ਲਈ ਗਰਾਂਟ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਭਗਵੰਤ ਮਾਨ ਨੇ ਨੌਜਵਾਨ ਆਗੂਆਂ ਨੂੰ ਵਿਦਿਆਰਥੀਆਂ ਦੀ ਭਲਾਈ ਲਈ ਕੰਮ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ 'ਆਪ' ਨੌਜਵਾਨਾਂ ਦੀ ਪਾਰਟੀ ਹੈ, ਕਿਉਂਕਿ ਅਸੀਂ ਨੌਜਵਾਨ ਆਗੂਆਂ ਨੂੰ ਰਾਜਨੀਤੀ ਦੇ ਖੇਤਰ ਵਿੱਚ ਵਧਣ-ਫੁੱਲਣ ਦੇ ਮੌਕੇ ਪ੍ਰਦਾਨ ਕਰਦੇ ਹਾਂ।

ਪੰਜਾਬ ਸਰਕਾਰ ਕੀਤੇ ਵਾਅਦਿਆਂ ਤੋਂ ਹੋਈ ਮੁਨਕਰ : ਦਿਓਲ

ਸਮਰਾਲਾ (ਸੁਰਜੀਤ ਸਿੰਘ)-ਪੰਜਾਬ ਏਡਜ਼ ਕੰਟਰੋਲ ਇੰਪਲਾਈਜ ਵੈੱਲਫੇਅਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਸਮੇਲ ਸਿੰਘ ਦਿਓਲ ਨੇ ਕਿਹਾ ਕਿ ਕੈਬਿਨਟ ਸਬ ਕਮੇਟੀ ਦੀ ਮੀਟਿੰਗ ਯੂਨੀਅਨ ਵਫ਼ਦ ਨਾਲ ਹੋਈ, ਜਿਸ ਵਿੱਚ ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਵੱਲੋਂ ਕ੍ਰਮਚਾਰੀਆਂ ਨੂੰ ਰੈਗੂਲਰ ਕਰਨ ਤੋਂ ਸਾਫ਼ ਸ਼ਬਦਾਂ ਵਿੱਚ ਇਨਕਾਰ ਕਰ ਦਿੱਤਾ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਕੋਲ ਬਜਟ ਨਹੀਂ ਹੈ ਕਿ ਉਹ ਪੰਜਾਬ ਸਟੇਟ ਏਡਜ ਕੰਟਰੋਲ ਸੁਸਾਇਟੀ ਸਿਹਤ ਵਿਭਾਗ ਪੰਜਾਬ ਦੇ ਕ੍ਰਮਚਾਰੀਆਂ ਨੂੰ ਪੱਕੇ ਕਰ ਸਕੇ।

ਯੂਨੀਅਨ ਪ੍ਰਧਾਨ ਜਸਮੇਲ ਸਿੰਘ ਦਿਓਲ ਦਾ ਕਹਿਣਾ ਹੈ ਕਿ ਲਗਭਗ 20 ਤੋਂ ਵੀ ਜ਼ਿਆਦਾ ਮੀਟਿੰਗਾਂ ਪੰਜਾਬ ਸਰਕਾਰ ਨਾਲ ਕ੍ਰਮਚਾਰੀਆਂ ਦੀਆਂ ਮੰਗਾਂ ਨੂੰ ਲੈ ਕੇ ਹੋ ਚੁੱਕੀਆਂ ਹਨ। ਹਰ ਮੀਟਿੰਗ ਵਿਚ ਪੰਜਾਬ ਸਰਕਾਰ ਰੈਗੂਲਰ ਕਰਨ ਦਾ ਵਿਸ਼ਵਾਸ ਦਿੱਤਾ ਜਾਂਦਾ ਰਿਹਾ ਹੈ, ਪਰ ਹੁਣ ਪੰਜਾਬ ਸਰਕਾਰ ਦਾ ਇਹ ਯੂ ਟਰਨ ਕ੍ਰਮਚਾਰੀਆਂ ਦੇ ਵਿਸ਼ਵਾਸ ਨੂੰ ਤੋੜਨ ਅਤੇ ਨਿਰਾਸ਼ ਕਰਨ ਵਾਲਾ ਹੈ। ਦਿਓਲ ਨੇ ਕਿਹਾ ਕਿ ਜਲਦ ਹੀ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰਕੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਿਆ ਜਾਵੇਗਾ ਤੇ ਆਉਣ ਵਾਲੀਆਂ ਪੰਚਾਇਤੀ ਚੋਣਾਂ ਅਤੇ ਪਾਰਲੀਮੈਂਟ ਚੋਣਾਂ ਵਿੱਚ ਆਪ ਸਰਕਾਰ ਦੇ ਵਿਰੁੱਧ ਪਿੰਡਾਂ, ਸ਼ਹਿਰਾਂ ਵਿੱਚ ਪ੍ਰਚਾਰ ਕਰਨਗੇ।

ਬਾਬਾ ਫਰੀਦ 'ਵਰਸਿਟੀ ਆਫ ਹੈੱਲਥ ਸਾਇੰਸਿਜ਼ ਵਿਖੇ ਬਹੁ-ਅਨੁਸ਼ਾਸਨੀ ਕਮੇਟੀ ਬਣਾਈ

ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)- ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਫਰੀਦਕੋਟ ਨੇ ਸਿਹਤ ਵਿਗਿਆਨ ਵਿੱਚ ਖੋਜ ਨ

27-August-PAGE-3.qxd 8/26/2023 10:23 PM Page 1

ਚੋਣਾਂ ਦੇ ਮੱਦੇਨਜ਼ਰ 'ਆਪ' ਦੀ ਹੰਗਾਮੀ ਮੀਟਿੰਗ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਅਗੇਤੀ ਪੈਲੇਸ ਵਿਖੇ ਆਮ ਆਦਮੀ ਪਾਰਟੀ ਦੀ ਇੱਕ ਹੰਗਾਮੀ ਮੀਟਿੰਗ ਹੋਈ ਜਿਸ ਵਿੱਚ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸਦ,ਬਲਾਕ ਸੰਮਤੀ ਅਤੇ ਪੰਚਾਇਤੀ ਚੋਣਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜਿਸ ਨੂੰ ਵੀ ਪਾਰਟੀ ਹਾਈਕਮਾਂਡ ਚੋਣਾਂ ਵਿੱਚ ਟਿਕਟ ਦੇਵੇ ਗੀ ਉਸ ਨੂੰ ਪੂਰੀ ਤਨਦੇਹੀ ਨਾਲ ਕਾਮਯਾਬ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੀਟਿੰਗ ਦੌਰਾਨ ਪਾਰਟੀ ਦੇ ਸੀਨੀਅਰ ਨੇਤਾ ਅਤੇ ਡਾਕਟਰ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਕੁਲਵਿਦਰ ਸਿੰਘ ਰਿਆੜ ਵੱਲੋਂ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਪਹੁੰਚੇ ਤ੍ਰਿਭੁਵਣ ਸਿੰਘ ਲੂੰਬਾ ਆਪ ਆਗੂ, ਕੀਰਤਨ ਸਿੰਘ ਬਾਜਵਾ ਆਪ ਆਗੂ, ਸੁਰਜੀਤ ਸਿੰਘ ਬਲਪੁਰੀਆ, ਰਜਿੰਦਰ ਸਿੰਘ ਚੀਮਾ ਸਿਟੀ ਫੂਡ ਵਾਲੇ, ਸ਼ਿੰਦਾ ਮਸੀਹ ਤੇਲੀਆਂਵਾਲ ਬਟਾਲਾ ਆਦਿ ਹਾਜ਼ਰ ਸਨ।

ਮਾਤਾ ਚਿੰਤਪੁਰਨੀ ਦੇ ਮੇਲੇ ਨੂੰ ਸਮਰਪਿਤ ਲੰਗਰ ਲਾਇਆ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ) - ਸਥਾਨਕ ਸ਼ਹਿਰ ਦੇ ਗੁਰਦੁਆਰਾ ਅਮਰ ਸ਼ਹੀਦ ਬਾਬਾ ਦੀਪ ਸਿੰਘ ਦੇ ਸਾਹਮਣੇ ਸਥਿਤ ਦੁਕਾਨਦਾਰਾਂ ਦੇ ਸਹਿਯੋਗ ਨਾਲ ਸਰਬੱਤ

ਦੇ ਭਲੇ ਲਈ ਮਾਤਾ ਚਿੰਤਪੁਰਨੀ ਦੇ ਮੇਲੇ ਨੂੰ ਸਮਰਪਿਤ ਲੰਗਰ ਲਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਨੰਦ ਕਿਸ਼ੋਰ ਭੱਲਾ ਤੇ ਪ੍ਰਧਾਨ ਪ੍ਰਵੀਨ ਕੁਮਾਰ ਕੁਕ੍ਰੇਜਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸ਼ਰਧਾਲੂਆਂ ਦੇ ਸਹਿਯੋਗ ਨਾਲ ਮਾਤਾ ਚਿੰਤਾਪੁਰਨੀ ਦੇ ਮੇਲੇ ਨੂੰ ਸਰਬੱਤ ਦੇ ਭਲੇ ਲਈ ਲੰਗਰ ਲਾਏ ਜਾਣ ਦੇ ਸੇਵਾ ਕਾਰਜ ਨਿਭਾਏ ਜਾ ਰਹੇ ਹਨ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਸਾਬਕਾ ਸੀਨੀ. ਮੀਤ ਪ੍ਰਧਾਨ ਦਵਿੰਦਰ ਸਿੰਘ ਡੈਮ, ਦਵਿੰਦਰ ਕੁਮਾਰ ਪੁਰੀ, ਗੁਰਬਖਸ਼ ਰਾਏ, ਆਯੁੱਧਿਆ ਪੁਰੀ, ਨਰਿੰਦਰ ਮਹੰਤਾ, ਸੁਨੀਲ ਕੁਮਾਰ ਕੁਕ੍ਰੇਜਾ, ਆਸ਼ੀਸ਼ ਮਰਵਾਹ, ਵਿਜੇ ਕੁਮਾਰ ਭੱਲਾ, ਰਾਜੇਸ਼ ਕੁਮਾਰ ਜੱਜ, ਸੰਨੀ ਗੱਗੋਮਾਹਲ, ਰਮਨ ਕੁਮਾਰ ਆਦਿ ਹਾਜ਼ਰ ਸਨ।

ਯੁਵਾ ਪਰਵਾਰ ਸੇਵਾ ਸੰਮਤੀ ਨੇ ਬੰਨ੍ਹ ਬੰਨ੍ਹਣ 'ਚ ਦਿੱਤਾ ਸਹਿਯੋਗ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਹਰੀਕੇ ਨੇੜੇ ਪਿੰਡ ਘੜੁੰਮ ਨੇੜੇ ਧੁੱਸੀ ਬੰਨ੍ਹ ਵਿੱਚ ਪਏ ਪਾੜ ਨੂੰ ਪੂਰਨ ਲਈ ਯੁਵਾ ਪਰਿਵਾਰ ਸੇਵਾ ਸੰਮਤੀ ਦੀ ਟੀਮ ਵੱਲੋਂ ਸਹਿਯੋਗ ਦਿੱਤਾ ਗਿਆ। ਲੱਗਭੱਗ 100 ਦੇ ਕਰੀਬ ਨੌਜਵਾਨਾਂ ਵੱਲੋਂ ਹਰੀਕੇ ਦਾਣਾ ਮੰਡੀ ਅੰਦਰ ਪਹੁੰਚ ਕੇ ਮਿੱਟੀ ਦੇ ਤੋੜੇ ਭਰੇ ਗਏ ਅਤੇ ਬੰਨ੍ਹ ਉੱਪਰ ਜਾ ਕੇ ਟਰਾਲੀਆਂ ਉੱਪਰੋਂ ਤੋੜੇ ਲਾਹੁਣ ਦੀ ਸੇਵਾ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟੀਮ ਦੇ ਵਲੰਟੀਅਰ ਵੱਲੋਂ ਦੱਸਿਆ ਗਿਆ ਕਿ ਕਿਸੇ ਵੀ ਥਾਂ ਕੁਦਰਤੀ ਆਫਤ ਮੌਕੇ ਸੰਮਤੀ ਆਪਣੀ ਸੇਵਾ ਨਿਭਾਉਂਦੀ ਹੈ। ਇਸ ਸੰਮਤੀ ਨਾਲ ਲਗਭਗ ਚਾਰ ਤੋਂ ਪੰਜ ਹਜ਼ਾਰ ਨੌਜਵਾਨ ਜੁੜਿਆ ਹੋਇਆ ਹੈ। ਸਾਰੇ ਨੌਜਵਾਨ ਨਸ਼ੇ ਤੋਂ ਰਹਿਤ ਹਨ ਅਤੇ ਸਮੇਂ-ਸਮੇਂ 'ਤੇ ਕੈਂਪ ਲਗਾ ਕੇ ਹੋਰ ਨੌਜਵਾਨਾਂ ਨੂੰ ਵੀ ਨਸ਼ਾ ਛੱਡਣ ਦੀ ਅਪੀਲ ਕਰਦੇ ਰਹਿੰਦੇ ਹਨ। ਕਰੋਨਾ ਕਾਲ ਦੇ ਅੰਦਰ ਵੀ ਇਸ ਟੀਮ ਨੇ ਆਪਣੀਆਂ ਸੇਵਾਵਾਂ ਪਹਿਲ ਦੇ ਆਧਾਰ 'ਤੇ ਦਿੱਤੀਆਂ।

ਰਾਸ਼ਨ ਕਾਰਡ ਕੱਟੇ ਜਾਣ ਖਿਲਾਫ ਲੋਕਾਂ ਨੇ ਕੀਤਾ ਰੋਸ ਪ੍ਰਦਰਸ਼ਨ

ਕਲਾਨੌਰ (ਮਨਦੀਪ ਕੁਮਾਰ)-ਇਤਿਹਾਸਕ ਕਸਬਾ, ਕਲਾਨੌਰ ਦੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਖਾਲਸਾ ਪੰਚਾਇਤ ਕਲਾਨੌਰ ਦੇ ਪ੍ਰਧਾਨ ਅਤੇ ਸਮਾਜ ਸੇਵੀ ਭਾਈ ਰਜਿੰਦਰ ਸਿੰਘ ਭੰਗੂ ਵੱਲੋਂ ਸਰਕਾਰ ਅਤੇ ਡਿੱਪੂ ਹੋਲਡਰ ਖਿਲਾਫ ਇੱਕ ਹੰਗਾਮੀ ਮੀਟਿੰਗ ਕੀਤੀ ਗਈ ਜਿਸ ਵਿੱਚ ਗਰੀਬ ਲੋੜਵੰਦ ਲੋਕ ਜਿਨ੍ਹਾਂ ਲੋਕਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ ਉਨ੍ਹਾਂ ਨੇ ਹਿੱਸਾ ਲਿਆ। ਕੁਝ ਡਿਪੂ ਹੋਲਡਰਾਂ ਵਲੋਂ ਰੋਸ ਪ੍ਰਦਰਸ਼ਨ ਕਰਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਕੁਮਾਰ, ਜਸਵੰਤ ਸਿੰਘ, ਸਰਬਜੀਤ ਕੌਰ, ਸੁਦੇਸ ਰਾਣੀ, ਮਨਜੀਤ ਲਾਲ, ਪਰਮਜੀਤ ਕੌਰ, ਜੋਗਿੰਦਰ ਸਿੰਘ, ਬਲਵਿੰਦਰ ਸਿੰਘ, ਕੇਵਲ ਕ੍ਰਿਸ਼ਨ, ਰਜਨੀ, ਜੋਤੀ, ਗੁਰਪ੍ਰੀਤ ਸਿੰਘ, ਅਮਰਜੀਤ ਕੌਰ, ਮਨੋਹਰ ਲਾਲ, ਬਲਜੀਤ ਕੌਰ, ਜਸਵੀਰ ਕੌਰ, ਅਮਰਜੀਤ ਕੌਰ, ਨਿਰਮਲਾ ਦੇਵੀ, ਰਣਜੀਤ ਕੌਰ, ਸੀਮਾ ਰਾਣੀ, ਗੁਰਮੇਜ ਕੁਮਾਰ, ਹਰਜੀਤ ਕੌਰ, ਯਾਦਵਿੰਦਰ ਸਿੰਘ, ਰਣਜੀਤ ਕੌਰ, ਅਮਰਜੀਤ ਕੌਰ ਤੋਂ ਇਲਾਵਾ ਹੋਰ ਵੀ ਗਰੀਬ ਅਤੇ ਲੋੜਵੰਦ ਪਰਿਵਾਰ ਹਾਜ਼ਰ ਸਨ।

ਟਰਾਂਸਜੈਂਡਰਾਂ ਨੂੰ ਪਛਾਣ-ਪੱਤਰ ਜਾਰੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਰਹਿਨੁਮਾਈ ਹੇਠ ਟਰਾਂਸਜੈਂਡਰ ਪਰਸਨ (ਪਰੋਟੈਕਸ਼ਨ ਆਫ ਰਾਈਟਸ) ਐਕਟ 2019 ਦੇ ਤਹਿਤ ਪ੍ਰੋਟਕੈਸ਼ਨ ਸੈੱਲ ਦੀ ਮੀਟਿੰਗ ਕੀਤੀ ਗਈ ਜਿਸ ਵਿਚ ਨਵੀਨ ਗਡਵਾਲ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਗੁਰਦਾਸਪੁਰ, ਡਾ. ਅੰਕੁਰ ਕੌਸ਼ਲ ਦਫਤਰ ਸਿਵਲ ਸਰਜਨ, ਬਾਬਾ ਪਰਵੀਨ ਕੁਮਾਰੀ ਮਮਤਾ ਬਾਬਾ ਮੈਂਬਰ ਹਾਜ਼ਰ ਹੋਏ। ਇਸ ਮੀਟਿੰਗ ਵਿੱਚ ਮਮਤਾ ਬਾਬਾ, ਪਰਵੀਨ ਕੁਮਾਰੀ ਅਤੇ ਰੋਮ ਰਲਹਨ ਨੂੰ ਟਰਾਂਸਜੈਂਡਰ ਪਰਸਨ (ਪਰੋਟੈਕਸ਼ਨ ਆਫ ਰਾਈਟਸ) ਐਕਟ-2019 ਦੇ ਸ਼ੈਕਸਨ-6 ਦੇ ਤਹਿਤ ਪਛਾਣ-ਪੱਤਰ ਜਾਰੀ ਕੀਤੇ ਗਏ। ਇਸ ਮੌਕੇ ਡੀਸੀ ਅਗਰਵਾਲ ਵੱਲੋਂ ਅਪੀਲ ਕੀਤੀ ਗਈ ਕਿ ਜੋ ਵੀ ਟਰਾਂਸਜੈਂਡਰ ਕਮਿਊਨਟੀ ਦੇ ਵਿਅਕਤੀ ਹਨ ਉਨ੍ਹਾਂ ਨੂੰ ਐਕਟ ਅਧੀਨ ਆਪਣਾ ਪਛਾਣ-ਪੱਤਰ ਜ਼ਰੂਰ ਬਣਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਛਾਣ ਪੱਤਰ ਬਣਾਉਣ ਲਈ ਭਾਰਤ ਸਰਕਾਰ ਦੇ ਪੋਰਟਲ transgender.dosje.gov.in 'ਤੇ ਆਨ-ਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਦੇ ਬੀ-ਬਲਾਕ ਦੇ ਕਮਰਾ ਨੰਬਰ 113,14 ਵਿੱਚ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਦੇ ਦਫ਼ਤਰ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ।

ਵਿਦਿਆਰਥੀਆਂ ਦੀ ਗੱਲਬਾਤ ਲਈ ਓਰੀਐਂਟੇਸ਼ਨ ਸੈਸ਼ਨ ਕਰਵਾਇਆ

ਅੰਮ੍ਰਿਤਸਰ ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਦੇ ਕਾਮਰਸ ਅਤੇ ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿਭਾਗ ਨੇ ਪਹਿਲੇ ਸਾਲ ਦੇ ਯੂ. ਜੀ. ਅਤੇ ਪੀ. ਜੀ. ਵਿਦਿਆਰਥੀਆਂ ਲਈ ਓਰੀਐਂਟੇਸ਼ਨ ਸੈਸ਼ਨ ਕਰਵਾਇਆ। ਇਹ ਪ੍ਰੋਗਰਾਮ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਅਤੇ ਹੈੱਡ ਅਤੇ ਡੀਨ ਡਾ. ਏ. ਕੇ. ਕਾਹਲੋਂ ਦੀ ਦੇਖ-ਰੇਖ ਕਰਵਾਇਆ ਗਿਆ ਜਿਸ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਆਪਸੀ ਤਾਲਮੇਲ ਅਤੇ ਕਾਲਜ ਨਿਯਮਾਂ ਬਾਰੇ ਜਾਗਰੂਕ ਕਰਵਾਉਣਾ ਸੀ। ਇਸ ਮੌਕੇ ਐਸੋਸੀਏਟ ਪ੍ਰੋਫੈਸਰ ਡਾ. ਸਵਰਾਜ ਕੌਰ ਨੇ ਕਾਲਜ 'ਚ ਪਹਿਲੇ ਸਾਲ ਦੇ ਸਮੂਹ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਕਾਲਜ ਨਿਯਮਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰੂਦੁਆਰਾ ਸਾਹਿਬ, ਮੁੱਖ ਲਾਇਬ੍ਰੇਰੀ, ਵਿਭਾਗ ਦੀ ਲਾਇਬ੍ਰੇਰੀ, ਕੰਪਿਊਟਰ ਲੈਬ, ਕਾਮਰਸ ਲੈਬ ਅਤੇ ਕਾਮਰਸ ਸੋਸਾਇਟੀ ਆਫ਼ ਸਟੂਡੈਂਟਸ ਆਦਿ ਕਾਲਜ 'ਚ ਉਪਲਬਧ ਅਕਾਦਮਿਕ ਅਤੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਸਬੰਧੀ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਕਾਲਜ ਸੰਭਾਵਿਤ ਤੌਰ 'ਤੇ ਕੈਂਪਸ 'ਚ ਮੌਜੂਦ ਪਾਠਕ੍ਰਮ, ਕਲੱਬਾਂ, ਸੰਸਥਾਵਾਂ, ਨੌਕਰੀਆਂ ਅਤੇ ਖੇਡਾਂ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਦਾ ਮੌਕਾ ਪ੍ਰਦਾਨ ਕਰੇਗਾ। ਪ੍ਰੋਗਰਾਮ ਦੌਰਾਨ ਕੈਂਪਸ ਸੁਰੱਖਿਆ, ਐਂਟੀ-ਰੈਗਿੰਗ, ਤਕਨਾਲੋਜੀ, ਅਕਾਦਮਿਕ ਸਰੋਤ, ਵਿਦਿਆਰਥੀ ਸਹਾਇਤਾ ਸੇਵਾਵਾਂ ਅਤੇ ਕਲੱਬਾਂ ਬਾਰੇ ਜਾਣਕਾਰੀ ਸੈਸ਼ਨ ਵੀ ਕਰਵਾਏ ਗਏ। ਇਸ ਮੌਕੇ ਡਾ. ਦੀਪਕ ਦੇਵਗਨ, ਡਾ. ਪੂਨਮ ਸ਼ਰਮਾ, ਡਾ. ਅਜੈ ਸਹਿਗਲ, ਡਾ. ਰਛਪਾਲ ਸਿੰਘ, ਡਾ. ਨਿਧੀ ਸਭਰਵਾਲ, ਪ੍ਰੋ. ਮੀਨੂੰ ਚੋਪੜਾ, ਪ੍ਰੋ. ਪੂਜਾ ਪੁਰੀ, ਡਾ. ਅਮਰਬੀਰ ਸਿੰਘ ਭੱਲਾ, ਪ੍ਰੋ. ਅਮਨਜੋਤ ਕੌਰ, ਡਾ. ਮਨਦੀਪ ਕੌਰ, ਡਾ. ਪ੍ਰੋ. ਤੁਸ਼ਾਰ ਖੱਤਰਾ, ਪ੍ਰੋ. ਸ਼ੀਤਲ ਗੁਪਤਾ, ਡਾ.ਹਰਪ੍ਰੀਤ ਕੌਰ ਬਿੰਦ ਆਦਿ ਹਾਜ਼ਰ ਸਨ।

ਛਿੰਝਾਂ, ਤੀਆਂ ਤੇ ਸੱਭਿਆਚਾਰਕ ਮੇਲੇ ਰੰਗਲੇ ਪੰਜਾਬ ਦੇ ਖੂਬਸੂਰਤ ਰੰਗ : ਬਹਿਲ

ਧਾਰੀਵਾਲ, ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਬਾਬਾ ਗੁੱਝਾਪੀਰ ਮੇਲਾ ਕਮੇਟੀ ਅਤੇ ਪਿੰਡ ਵਰਸੋਲਾ ਦੇ ਸਮੂਹ ਵਸਨੀਕਾਂ ਵੱਲੋਂ ਆਪਣੇ ਪਿੰਡ ਵਿੱਚ 60ਵਾਂ ਸਲਾਨਾ ਛਿੰਝ ਮੇਲਾ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਦੋ ਦਿਨ ਚੱਲੇ ਇਸ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਸ਼ਾਮਲ ਹੋਏ। ਇਸ ਛਿੰਝ ਮੇਲੇ ਦੌਰਾਨ ਜਿਥੇ ਨਾਮੀ ਪਹਿਲਵਾਨਾਂ ਨੇ ਘੋਲ ਮੁਕਾਬਲਿਆਂ ਵਿੱਚ ਹਿੱਸਾ ਲਿਆ ਓਥੇ ਅੱਜ ਹੋਏ ਸੱਭਿਆਚਾਰਕ ਪ੍ਰੋਗਰਾਮ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਰੰਮੀ ਰੰਧਾਵਾ ਅਤੇ ਪ੍ਰਿੰਸ ਰੰਧਾਵਾ ਨੇ ਰੰਗ ਬੰਨ੍ਹਿਆ। ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਘੋਲ-ਕੁਸ਼ਤੀਆਂ ਵਿੱਚ ਹਿੱਸਾ ਲੈਣਾ ਅਤੇ ਖੁਸ਼ੀ ਵਿੱਚ ਭੰਗੜੇ ਪਾਉਣੇ ਸਾਡੇ ਰੰਗਲੇ ਪੰਜਾਬ ਦੇ ਉਹ ਰੰਗ ਹਨ ਜਿਨ੍ਹਾਂ ਉੱਪਰ ਹਰ ਪੰਜਾਬੀ ਮਾਣ ਕਰਦਾ ਹੈ। ਉਨ੍ਹਾਂ ਕਿਹਾ ਕਿ ਪਿੰਡ ਵਰਸੋਲਾ ਦੇ ਵਸਨੀਕ ਇਸ ਗੱਲੋਂ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਨੇ ਪੰਜਾਬ ਦੇ ਅਮੀਰ ਵਿਰਾਸਤ ਨੂੰ ਬਚਾ ਕੇ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਲਈ ਜਿਥੇ ਛਿੰਝਾਂ, ਤੀਆਂ ਤੇ ਸੱਭਿਆਚਾਰਕ ਮੇਲਿਆਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ ਓਥੇ ਨਾਲ ਹੀ ਖੇਡਾਂ ਵਤਨ ਪੰਜਾਬ ਦੀਆਂ ਕਰਵਾ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਰਾਜ ਸਰਕਾਰ ਅਤੇ ਸੂਬਾ ਵਾਸੀਆਂ ਦੇ ਅਜਿਹੇ ਯਤਨਾਂ ਸਦਕਾ ਸਾਡਾ ਪੰਜਾਬ ਮੁੜ 'ਰੰਗਲਾ ਪੰਜਾਬ' ਬਣ ਕੇ ਉੱਭਰੇਗਾ। ਇਸ ਮੌਕੇ ਚੇਅਰਮੈਨ ਬਹਿਲ ਨੇ ਛਿੰਝ ਮੇਲੇ ਦੇ ਜੇਤੂ ਭਲਵਾਨਾਂ, ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਕਲਾਕਾਰਾਂ ਨੂੰ ਸਨਮਾਨਿਤ ਕਰਨ ਦੇ ਨਾਲ ਇਸ ਸਾਰੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਾਲੇ ਕਮੇਟੀ ਮੈਂਬਰਾਂ ਦਾ ਵੀ ਸਨਮਾਨ ਕੀਤਾ। ਇਸ ਮੌਕੇ ਪ੍ਰਧਾਨ ਤਜਿੰਦਰ ਸਿੰਘ ਢਿਲੋਂ, ਅਜੇਪਾਲ ਸਿੰਘ, ਧਰਮਿੰਦਰ ਸਿੰਘ, ਸੁਪਿੰਦਰ ਸਿੰਘ, ਹਰਜਿੰਦਰ ਸਿੰਘ, ਸੰਨੀ, ਮਨਜੀਤ ਸਿੰਘ, ਸੁੱਚਾ ਸਿੰਘ, ਮਨਪ੍ਰੀਤ ਸਿੰਘ ਤੋਂ ਇਲਾਚਾ ਚੇਅਰਮੈਨ ਮਾਰਕਿਟ ਕਮੇਟੀ ਗੁਰਦਾਸਪੁਰ ਭਾਰਤ ਭੂਸ਼ਨ, ਸਾਬਕਾ ਚੇਅਰਮੈਨ ਕੇਸ਼ਵ ਬਹਿਲ, ਬਲਾਕ ਪ੍ਰਧਾਨ ਹਿੱਤਪਾਲ ਵੀ ਮੌਜੂਦ ਸਨ।

ਬੱਸ ਦੀ ਟੱਕਰ ਵੱਜਣ ਕਾਰਨ ਸਕੂਟਰੀ ਸਵਾਰ ਗੰਭੀਰ ਜ਼ਖਮੀ

ਗੁਰਦਾਸਪੁਰ. (ਜਨਕ ਮਹਾਜਨ)-ਥਾਣਾ ਦੀਨਾਨਗਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪ੍ਰਤਾਪ ਸਿੰਘ ਪੁੱਤਰ ਰਘੁਬੀਰ ਸਿੰਘ ਵਾਸੀ ਚੇਚੀਆ ਛੋੜੀਆ ਥਾਣਾ ਪੁਰਾਣਾ ਸ਼ਾਲਾ ਉਮਰ ਕਰੀਬ 45 ਸਾਲ ਨੇ ਦੱਸਿਆ ਕਿ 22 ਅਗਸਤ ਨੂੰ ਮੈਂ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿਤਾ ਰਘੁਬੀਰ ਸਿੰਘ ਪੁੱਤਰ ਤਰਲੋਕ ਸਿੰਘ ਆਪਣੀ ਮੋਪਿੰਡ ਨੰ. ਪੀ.ਬੀ. 06 ਬੀ.ਈ. 3026 'ਤੇ ਸਵਾਰ ਹੋ ਕੇ ਆਪਣੇ ਨਿੱਜੀ ਕੰਮ ਲਈ ਦੀਨਾਨਗਰ ਆਏ ਸੀ ਕਿ ਆਪਣਾ ਨਿੱਜੀ ਕੰਮ ਕਰਨ ਤੋਂ ਬਾਅਦ ਵਾਪਸ ਆਪਣੇ ਪਿੰਡ ਨੂੰ ਜਾ ਰਹੇ ਸੀ ਕਿ ਜਦੋਂ ਅਸੀਂ ਮੋਨ ਹਾਈਵੇ ਨੇੜੇ ਪਨਿਆੜ ਸ਼ੂਗਰ ਮਿੱਲ ਨਜ਼ਦੀਕ ਪਹੁੰਚੇ ਤਾਂ ਪਿੱਛੋਂ ਇੱਕ ਬੱਸ ਨੰ: ਪੀ.ਬੀ.06 ਏ.ਐੱਸ. 8783 ਪੰਜਾਬ ਰੋਡਵੇਜ਼ ਡੀਪੂ ਪਠਾਨਕੋਟ ਦੀ ਬੜੀ ਤੇਜ਼ ਰਫਤਾਰ ਨਾਲ ਆਈ ਤੇ ਜਿਸ ਦਾ ਡਰਾਈਵਰ ਬੜੀ ਲਾਪਰਵਾਹੀ ਨਾਲ ਬੱਸ ਚਲਾ ਰਿਹਾ ਸੀ, ਜਿਸ ਨੇ ਮੋਪਿਡ ਨੂੰ ਸਾਈਡ ਮਾਰ ਦਿੱਤੀ ਤੇ ਮੇਰਾ ਪਿਤਾ ਮੋਪਿਡ ਸਮੇਤ ਸੜਕ 'ਤੇ ਡਿੱਗ ਪਿਆ ਤੇ ਜਿਸ ਦੇ ਸਿਰ ਵਿੱਚ ਗੰਭੀਰ ਸੱਟ ਲੱਗ ਗਈ।

ਉਕਤ ਬੱਸ ਡਰਾਈਵਰ ਬੱਸ ਸਾਈਡ 'ਤੇ ਖੜੀ ਕਰਕੇ ਮੌਕੇ ਤੋਂ ਚਲਾ ਗਿਆ, ਜਿਸ ਦਾ ਬਾਅਦ ਵਿੱਚ ਪਤਾ ਲੱਗਾ ਕਿ ਬੱਸ ਦੇ ਡਰਾਈਵਰ ਦਾ ਨਾਂਅ ਬਿਕਰਮਜੀਤ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਮਾਨ ਥਾਣਾ ਡੇਰਾ ਬਾਬਾ ਨਾਨਕ ਸੀ। ਮੈਂ ਸਵਾਰੀ ਦਾ ਪ੍ਰਬੰਧ ਕਰਕੇ ਸਿੰਘੋਵਾਲ ਹਸਪਤਾਲ ਦੀਨਾਨਗਰ ਦਾਖਲ ਕਰਵਾਇਆ ਜਿੱਥੇ ਡਾਕਟਰਾਂ ਨੇ ਮੇਰੇ ਪਿਤਾ ਨੂੰ ਮੱਲ੍ਹਮ ਪੱਟੀ ਕਰਕੇ ਗੁਰਦਾਸਪੁਰ ਰੈਫਰ ਕਰ ਦਿੱਤਾ। ਮੈਂ ਆਪਣੇ ਪਿਤਾ ਨੂੰ ਅਬਰੋਲ ਹਸਪਤਾਲ ਦਾਖਲ ਕਰਵਾਇਆ, ਜਿੱਥੇ ਹੁਣ ਮੇਰਾ ਪਿਤਾ ਜ਼ੇ

27-AUG-PAGE-4.qxd 8/26/2023 10:17 PM Page 1

ਦੁਕਾਨਦਾਰ ਫਿਰ ਕਰਨ ਲੱਗੇ ਬਰਾਂਡਿਆਂ 'ਤੇ ਕਬਜ਼ੇ

■ ਹਾਈ ਕੋਰਟ ਤੋਂ ਕਰਾਂਗੇ ਜਾਂਚ ਕਮਿਸ਼ਨ ਦੀ ਮੰਗ : ਬਾਂਸਲ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਖੰਨਾ ਦੀ ਮਸ਼ਹੂਰ ਗੁਰੂ ਅਮਰ ਦਾਸ ਮਾਰਕਿਟ ਵਿੱਚ ਕੁੱਝ ਮਹੀਨੇ ਪਹਿਲਾਂ ਬਰਾਂਡਿਆਂ 'ਤੇ ਹੋਈ ਵੱਡੀ ਕਾਰਵਾਈ ਦਾ ਅਸਰ ਘੱਟ ਹੁੰਦਾ ਜਾ ਰਿਹਾ ਹੈ। ਕੁੱਝ ਦੁਕਾਨਦਾਰਾਂ ਨੇ ਫਿਰ ਤੋਂ ਪਬਲਿਕ ਬਰਾਂਡਿਆਂ 'ਤੇ ਕਬਜ਼ੇ ਕਰ ਲਏ ਹਨ। ਇਨ੍ਹਾਂ ਨਜਾਇਜ਼ ਕਬਜ਼ਿਆਂ ਦਾ ਮਾਮਲਾ ਉੱਚ ਅਦਾਲਤ ਵਿੱਚ ਪੈਂਡਿੰਗ ਹੋਣ ਦੇ ਬਾਵਜੂਦ ਨਜਾਇਜ਼ ਕਬਜ਼ੇ ਜਾਰੀ ਹਨ, ਪਰ ਜਦ ਕੋਈ ਪ੍ਰਸ਼ਾਸਨਕ ਕਾਰਵਾਈ ਹੁੰਦੀ ਹੈ ਤਾਂ ਫਿਰ ਦੁਕਾਨਦਾਰ ਦੁਹਾਈ ਦਿੰਦੇ ਹਨ ਕਿ ਦੁਕਾਨਦਾਰਾਂ ਨਾਲ ਧੱਕਾ ਹੋ ਰਿਹਾ ਹੈ।

ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੰਦੇ ਹੋਏ ਲੋਕ ਸੇਵਾ ਕਲੱਬ ਦੇ ਪ੍ਰਧਾਨ ਪੀ. ਡੀ. ਬਾਂਸਲ ਨੇ ਦੱਸਿਆ ਕਿ ਮਾਰਕਿਟ ਵਿੱਚ ਬਣੀਆਂ ਨਜਾਇਜ਼ ਬੇਸਮੈਂਟਾਂ ਦਾ ਮਾਮਲਾ ਮਾਨਯੋਗ ਹਾਈਕੋਰਟ ਵਿੱਚ ਵਿਚਾਰ ਅਧੀਨ ਹੈ, ਜਿਸ 'ਤੇ ਅਗਲੀ ਸੁਣਵਾਈ 12 ਸਤੰਬਰ 23 ਨੂੰ ਮਾਨਯੋਗ ਹਾਈ ਕੋਰਟ ਵਿੱਚ ਹੈ। ਨਗਰ ਸੁਧਾਰ ਟਰੱਸਟ ਵੱਲੋਂ ਪੇ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 36 ਦੁਕਾਨਦਾਰਾਂ ਨੇ ਬੇਸਮੈਂਟਾਂ ਬੰਦ ਕਰ ਦਿੱਤੀਆਂ ਹਨ ਤੇ 6 ਦੁਕਾਨਦਾਰਾਂ ਨੇ ਬੇਸਮੈਂਟਾਂ ਬੰਦ ਨਹੀਂ ਕੀਤੀਆਂ, ਜਿਨ੍ਹਾਂ ਦੁਕਾਨਦਾਰਾਂ ਨੇ ਬੇਸਮੈਂਟਾਂ ਬੰਦ ਨਹੀਂ ਕੀਤੀਆਂ, ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ, ਜਦ ਕਿ ਅਸਲ 'ਚ ਗਿਣਤੀ ਦੇ ਤਿੰਨ ਜਾਂ ਚਾਰ ਦੁਕਾਨਦਾਰਾਂ ਤੋਂ ਇਲਾਵਾ ਬਾਕੀ ਸਭ ਨੇ ਸੇਬਮੇਂਟਾਂ ਆਰਜ਼ੀ ਤੌਰ 'ਤੇ ਢੱਕੀਆਂ ਹਨ, ਜੋ ਕਿਸੇ ਸਮੇਂ ਵੀ ਭਵਿੱਖ 'ਚ ਖੋਲ੍ਹੀਆਂ ਜਾਣਗੀਆਂ।

ਬਾਂਸਲ ਨੇ ਕਿਹਾ ਕਿ ਟਰੱਸਟ ਅਧਿਕਾਰੀਆਂ ਵੱਲੋਂ ਮਾਨਯੋਗ ਹਾਈਕੋਰਟ ਵਿੱਚ ਪੇ ਕੀਤੀ ਰਿਪੋਰਟ ਬਿਲਕੁਲ ਝੂਠੀ ਤੇ ਗੁੰਮਰਾਹ ਕਰਨ ਵਾਲੀ ਹੈ। ਅਸਲ ਵਿੱਚ ਅਜੇ ਤੱਕ 3 ਜਾਂ 4 ਦੁਕਾਨਦਾਰਾਂ ਨੇ ਹੀ ਬੇਸਮੈਂਟਾਂ ਪੱਕੇ ਤੌਰ 'ਤੇ ਬੰਦ ਕੀਤੀਆਂ ਹਨ। ਬਾਕੀ ਸਭ ਨੇ ਪ੍ਰਸ਼ਾਸਨ ਦੀ ਮਿਲੀਭਗਤ ਨਾਲ ਆਰਜ਼ੀ ਤੌਰ 'ਤੇ ਢੱਕ ਦਿੱਤੀਆਂ ਸਨ, ਜੋ ਕਿ ਕੁੱਝ ਦੁਕਾਨਦਾਰਾਂ ਨੇ ਫਿਰ ਤੋਂ ਚਾਲੂ ਕਰ ਲਈਆਂ ਹਨ। ਇਸੇ ਕਰਕੇ ਪ੍ਰਸ਼ਾਸਨ ਵੱਲੋਂ ਉਚ ਅਦਾਲਤ ਵਿੱਚ ਪੇ ਕੀਤੀ ਝੂਠੀ ਰਿਪੋਰਟ ਦੇ ਖਿਲਾਫ ਅਸੀਂ ਜਾਂਚ ਕਮਿਸ਼ਨ ਦੀ ਮੰਗ ਕਰਾਂਗੇ ਤਾਂ ਕਿ ਪ੍ਰਸ਼ਾਸਨ ਦੀ ਰਿਪੋਰਟ ਦਾ ਅਸਲ ਸੱਚ ਮਾਨਯੋਗ ਅਦਾਲਤ ਦੇ ਸਾਹਮਣੇ ਰੱਖਿਆ ਜਾ ਸਕੇ ਕਿ ਸਥਾਈ ਤੌਰ 'ਤੇ ਕਿੰਨੀਆਂ ਬੇਸਮੈਂਟਾਂ ਬੰਦ ਹੋਈਆਂ ਹਨ।

ਬਾਂਸਲ ਨੇ ਕਿਹਾ ਕਿ ਦੁਕਾਨਦਾਰ ਗੈਰ-ਕਾਨੂੰਨੀ ਕਬਜ਼ਿਆਂ ਨੂੰ ਬਚਾਉਣ ਦੇ ਲਾਲਚ ਵਿੱਚ ਪ੍ਰਸ਼ਾਸਨ ਦੇ ਹੱਥੋਂ ਲੁੱਟ ਹੋ ਰਹੇ ਹਨ। ਜੇਕਰ ਬੇਸਮੈਂਟਾਂ ਬੰਦ ਕਰਨ ਸਬੰਧੀ ਪ੍ਰਸ਼ਾਸਨਕ ਕਾਰਵਾਈ ਹੁੰਦੀ ਹੈ ਤਾਂ ਦੁਕਾਨਦਾਰਾਂ ਨੂੰ ਵੱਡਾ ਵਿੱਤੀ ਨੁਕਸਾਨ ਝੱਲਣਾ ਪੈ ਸਕਦਾ ਹੈ। ਇਸ ਲਈ ਸਾਡੀ ਸਭ ਦੁਕਾਨਦਾਰਾਂ ਨੂੰ ਅਪੀਲ ਹੈ ਜੇਕਰ ਨਜਾਇਜ਼ ਉਸਾਰੀ ਕੀਤੀ ਹੈ ਤਾਂ ਆਪਣੇ ਪੱਧਰ 'ਤੇ ਹਟਾ ਲੈਣੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਬਰਾਂਡਿਆਂ 'ਤੇ ਫਿਰ ਤੋਂ ਹੋ ਰਹੇ ਕਬਜ਼ੇ ਰੋਕਣ ਲਈ ਪ੍ਰਸ਼ਾਸਨ ਨੂੰ ਲਿਖਿਆ ਹੈ। ਬਾਂਸਲ ਦੇ ਨਾਲ ਦਿਲਪ੍ਰੀਤ ਸਿੰਘ ਕੈਸ਼ੀਅਰ, ਤਾਰਾ ਚੰਦ ਜਨਰਲ ਸਕੱਤਰ, ਅਵਤਾਰ ਸਿੰਘ ਮਾਨ, ਰਾਕੇਸ਼ ਕੁਮਾਰ, ਸਤਨਾਮ ਸਿੰਘ, ਨਵਜੀਤ ਸਿੰਘ ਹਾਜ਼ਰ ਸਨ।

ਕੁਲਰੀਆਂ ਅਬਾਦਕਾਰ ਕਿਸਾਨਾਂ ਦਾ ਉਜਾੜਾ ਨਹੀਂ ਹੋਣ ਦਿੱਤਾ ਜਾਵੇਗਾ : ਹਰਦਾਸਪੁਰਾ

■ ਪਿੰਡ-ਪਿੰਡ ਸਰਕਾਰ ਦੀਆਂ ਅਰਥੀਆਂ ਸਾੜੀਆਂ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਭਾਕਿਯੂ ਡਕੌਂਦਾ ਦੀ ਸੂਬਾ ਕਮੇਟੀ ਵੱਲੋਂ ਕੁੱਲਰੀਆਂ ਅਬਾਦਕਾਰ ਕਿਸਾਨਾਂ ਨੂੰ ਜਬਰੀ ਉਜਾੜਨ ਦੇ ਮਸਲੇ 'ਤੇ ਪੰਜਾਬ ਸਰਕਾਰ ਦੀਆਂ ਪਿੰਡ-ਪਿੰਡ ਅਰਥੀਆਂ ਸਾੜਨ ਦੇ ਦਿੱਤੇ ਸੱਦੇ ਤਹਿਤ ਮਹਿਲ ਕਲਾਂ ਬਲਾਕ ਦੇ ਪਿੰਡਾਂ ਠੁੱਲੀਵਾਲ, ਕੁਰੜ, ਨਿਹਾਲੂਵਾਲ, ਛੀਨੀਵਾਲ ਖੁਰਦ, ਦੱਧਾਹੂਰ ਆਦਿ ਵਿਖੇ ਪਿੰਡਾਂ ਦੀਆਂ ਸੱਥਾਂ ਵਿੱਚ ਕਿਸਾਨ ਮਰਦ-ਔਰਤ ਕਾਰਕੁਨਾਂ ਨੇ ਇਕੱਠੇ ਹੋ ਕੇ ਅਰਥੀਆਂ ਸਾੜੀਆਂ। ਇਸ ਸਮੇਂ ਬੋਲਦਿਆਂ ਜਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਅਮਨਦੀਪ ਸਿੰਘ ਰਾਏਸਰ ਤੇ ਅਮਰਜੀਤ ਸਿੰਘ ਠੁੱਲੀਵਾਲ ਨੇ ਕਿਹਾ ਕਿ ਪਿੰਡ ਕੁੱਲਰੀਆਂ ਵਿਖੇ ਪਿੰਡ ਦੀ ਬੱਚਤ ਜ਼ਮੀਨ ਉੱਪਰ 60-65 ਸਾਲ ਤੋਂ 70 ਏਕੜ ਜ਼ਮੀਨ ਉੱਪਰ ਪਿੰਡ ਕੁੱਲਰੀਆਂ ਦੇ 40 ਦੇ ਕਰੀਬ ਪਰਿਵਾਰ ਖੇਤੀ ਕਰਦੇ ਆ ਰਹੇ ਹਨ। ਇਸੇ ਬੱਚਤ ਜ਼ਮੀਨ ਉੱਪਰ ਬਹੁਤ ਸਾਰੇ ਲੋੜਵੰਦ ਮਜ਼ਦੂਰਾਂ ਨੇ ਮਕਾਨ ਵੀ ਬਣਾਏ ਹੋਏ ਹਨ। ਹੁਣ ਭਗਵੰਤ ਮਾਨ ਸਰਕਾਰ ਜ਼ਮੀਨਾਂ ਤੋਂ ਕਬਜ਼ਾ ਛੁਡਾਉਣ ਦੀ ਮੁਹਿੰਮ ਦੇ ਨਾਂਅ ਹੇਠ ਇਨ੍ਹਾਂ ਗਰੀਬ ਕਿਸਾਨਾਂ ਨੂੰ ਜਬਰੀ ਉਜਾੜ ਰਹੀ ਹੈ, ਜਦ ਕਿ ਦਹਾਕਿਆਂ ਬੱਧੀ ਸਮੇਂ ਤੋਂ ਇਹ ਜ਼ਮੀਨ ਸਰਕਾਰੀ ਰਿਕਾਰਡ ਵਿੱਚ ਇਨ੍ਹਾਂ ਕਿਸਾਨਾਂ ਦੇ ਨਾਂਅ ਬੋਲ ਰਹੀ ਹੈ। ਖੇਤੀਬਾੜੀ ਮੋਟਰ ਕੁਨੈਕਸ਼ਨ ਚੱਲ ਰਹੇ ਹਨ। ਹੁਣ ਪਿੰਡ ਦਾ ਹੈਂਕੜਬਾਜ਼ ਹਕੂਮਤੀ ਤੇ ਪ੍ਰਸ਼ਾਸਨਕ ਸ਼ਹਿ 'ਤੇ ਸਰੇਆਮ ਕਿਸਾਨਾਂ ਦਾ ਉਜਾੜਾ ਕਰਨ ਉੱਪਰ ਤੁਲਿਆ ਹੋਇਆ ਹੈ। ਭਾਕਿਯੂ ਡਕੌਂਦਾ ਕੁੱਲਰੀਆਂ ਪਿੰਡ ਦੇ ਕਿਸਾਨਾਂ ਦੇ ਉਜਾੜੇ ਖਿਲਾਫ ਦੋ ਮਹੀਨੇ ਤੋਂ ਸੰਘਰਸ਼ ਕਰ ਰਹੀ ਹੈ। ਅਬਾਦਕਾਰ ਕਿਸਾਨਾਂ ਤੇ ਭਾਕਿਯੂ ਏਕਤਾ ਡਕੌਂਦਾ ਦੇ ਸੈਂਕੜੇ ਕਿਸਾਨਾਂ ਉੱਪਰ ਪੁਲਸ ਨੇ ਕੇਸ ਦਰਜ ਕਰ ਲਏ ਹਨ।

ਆਗੂਆਂ ਨੇ ਕਿਹਾ ਕਿ ਪੁਲਸ ਵੱਲੋਂ ਦਰਜ ਕੀਤੇ ਕੇਸ ਉਨ੍ਹਾਂ ਨੂੰ ਡਰਾ ਧਮਕਾ ਨਹੀਂ ਸਕਦੇ। ਅਜਿਹਾ ਕਰਨ ਨਾਲ ਪੁਲਸ ਪ੍ਰਸ਼ਾਸਨ ਤੇ ਸਰਕਾਰ ਪ੍ਰਤੀ ਲੋਕਾਂ ਅੰਦਰ ਗੁੱਸਾ ਹੋਰ ਵਧੇਰੇ ਫੈਲ ਰਿਹਾ ਹੈ। ਇਸ ਧੱਕੇਸ਼ਾਹੀ ਖਿਲਾਫ 28 ਅਗਸਤ ਨੂੰ ਐੱਸ ਐੱਸ ਪੀ ਦਫਤਰ ਮਾਨਸਾ ਅੱਗੇ ਸੂਬਾਈ ਧਰਨਾ ਦਿੱਤਾ ਜਾ ਰਿਹਾ ਹੈ। ਕਿਸਾਨ ਆਗੂਆਂ ਸੁਖਦੇਵ ਸਿੰਘ, ਆਤਮਾ ਸਿੰਘ ਕੁਰੜ, ਮਨਦੀਪ ਸਿੰਘ, ਸੁਖਜੀਤ ਸਿੰਘ, ਜਸਵਿੰਦਰ ਸਿੰਘ, ਜੀਤ ਸਿੰਘ ਛੀਨੀਵਾਲ, ਭਾਗਾ ਸਿੰਘ ਆਦਿ ਆਗੂਆਂ ਨੇ ਐਲਾਨ ਕੀਤਾ ਕਿ ਹਰ ਕੁਰਬਾਨੀ ਦੇ ਕੇ ਕੁੱਲਰੀਆਂ ਪਿੰਡ ਦੇ ਅਬਾਦਕਾਰ ਕਿਸਾਨਾਂ ਦੀ ਜ਼ਮੀਨ ਦੀ ਰਾਖੀ ਕੀਤੀ ਜਾਵੇਗੀ।

ਈ ਟੀ ਟੀ ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ

ਬਰੇਟਾ (ਗੀਤਵਾਲ)-ਈ.ਟੀ.ਟੀ ਟੈੱਟ ਪਾਸ ਬੇਰੁਜ਼ਗਾਰ ਈ ਡਬਲਯੂ ਐੱਸ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਦੀਪ ਅਮਨ ਤੇ ਸਕੱਤਰ ਬਲਕਰਨ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਈ ਟੀ ਟੀ 5994 ਭਰਤੀ ਵਿੱਚ ਦਰਜ ਈ ਡਬਲਯੂ ਐੱਸ ਵਰਗ ਨੂੰ 300 ਪੋਸਟਾਂ ਦਿੱਤੀਆਂ ਗਈਆਂ ਹਨ ਤੇ ਜਿਹੜੀਆਂ ਕਿ ਰਾਖਵਾਂਕਰਨ ਦੇ 1/10 ਅਨੁਸਾਰ ਸਹੀ ਨਹੀਂ ਹਨ। ਇਸ ਲਈ ਈ ਡਬਲਯੂ ਐੱਸ ਵਰਗ ਦੇ ਉਮੀਦਵਾਰਾਂ ਨਾਲ ਬੇਇਨਸਾਫ਼ੀ ਹੈ। ਇੱਥੋਂ ਤੱਕ ਕਿ 2994 ਪੋਸਟਾਂ ਦੇ ਬੈਕਲਾਗ ਵਿੱਚੋਂ ਵੀ ਪੋਸਟਾਂ ਨਹੀਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ 31 ਅਗਸਤ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ ਤੇ ਜੇਕਰ ਸਾਡੀ ਗੱਲ ਨਹੀਂ ਸੁਣੀ ਜਾਂਦੀ ਤਾਂ ਪੱਕਾ ਮੋਰਚਾ ਵੀ ਲਗਾਇਆ ਜਾਵੇਗਾ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਈ ਟੀ ਟੀ 6635 ਵਿੱਚ ਈ ਡਬਲਯੂ ਐੱਸ ਸਰਟੀਫਿਕੇਟ, ਅੰਗਹੀਣਤਾ ਸਰਟੀਫਿਕੇਟ ਤੇ ਸਪੋਰਟਸ ਕੋਟਾ ਸਰਟੀਫਿਕੇਟ ਦੇ ਆਧਾਰ 'ਤੇ ਨੌਕਰੀ ਕਰ ਰਹੇ ਮੁਲਾਜ਼ਮਾਂ ਦੇ ਦਸਤਾਵੇਜ਼ਾਂ ਦੀ ਵੀ ਉੱਚ ਪੱਧਰੀ ਜਾਂਚ ਕਰਵਾਵੇ। ਇਸ ਮੌਕੇ ਈ.ਟੀ.ਟੀ ਟੈਟ ਪਾਸ ਬੇਰੁਜ਼ਗਾਰ ਈ ਡਬਲਯੂ ਐੱਸ ਯੂਨੀਅਨ ਪੰਜਾਬ ਦੇ ਰਜਿੰਦਰ ਕੁਮਾਰ, ਮਨਿੰਦਰ ਬਰੇਟਾ, ਰਾਜੇਸ਼ ਸੰਗਰੂਰ, ਗੁਰਵਿੰਦਰ, ਦੀਪੂ, ਅੰਮ੍ਰਿਤ, ਸਿੰਮੀ ਤੇ ਹਰਜੀਤ ਹਾਜ਼ਰ ਸਨ।

ਕਾਤਰਾਂ

ਡੀ ਐੱਸ ਪੀ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਵਿਧਾਨ ਸਭਾ ਹਲਕਾ ਮੌੜ ਅਧੀਨ ਪੈਂਦੀ ਸਬ ਡਵੀਜ਼ਨ ਮੌੜ ਮੰਡੀ ਵਿਖੇ ਤਾਇਨਾਤ ਡੀ ਐੱਸ ਪੀ ਬਲਜੀਤ ਸਿੰਘ ਬਰਾੜ ਨੂੰ ਸ਼ੁੱਕਰਵਾਰ ਵਿਜੀਲੈਂਸ ਬਿਊਰੋ ਦੀ ਟੀਮ ਨੇ 30 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਡੀ ਐੱਸ ਪੀ ਬਲਜੀਤ ਵੱਲੋਂ ਇਹ ਰਿਸ਼ਵਤ ਇੱਕ ਨਾਬਾਲਿਗ ਬੱਚੇ ਨੂੰ ਫੌਜਦਾਰੀ ਪਰਚੇ ਵਿੱਚੋਂ ਕੱਢਣ ਦੇ ਬਦਲੇ ਲਈ ਜਾ ਰਹੀ ਸੀ। ਹਲਕਾ ਵਿਧਾਇਕ ਦਾ ਚਹੇਤਾ ਮੰਨੇ ਜਾਂਦੇ ਇਸ ਡੀ ਐੱਸ ਪੀ ਵੱਲੋਂ ਕਾਫੀ ਲੰਮੇ ਸਮੇਂ ਤੋਂ ਰਿਸ਼ਵਤ ਦੇ ਮਾਮਲੇ ਵਿੱਚ ਅੱਤ ਚੁੱਕੀ ਹੋਈ ਸੀ, ਜਿਸ ਕਾਰਨ ਇਹ ਆਮ ਲੋਕਾਂ ਤੋਂ ਇਲਾਵਾ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਦੇ ਅੱਖਾਂ ਵਿੱਚ ਵੀ ਰੜਕ ਰਿਹਾ ਸੀ।

ਗੌਰਮਿੰਟ ਟੀਚਰਜ਼ ਯੂਨੀਅਨ ਦੀ ਅਹਿਮ ਮੀਟਿੰਗ

ਮਾਨਸਾ (ਪਮਾਰ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਮਾਖਾ ਦੀ ਅਗਵਾਈ ਹੇਠ ਹੋਈ। ਮੀਟਿੰਗ ਸੰਬੰਧੀ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਗੁਰਦਾਸ ਸਿੰਘ ਰਾਏਪੁਰ ਨੇ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਨਵੀਂ ਸਿੱਖਿਆ ਨੀਤੀ-2020 ਦੇ ਵਿਸ਼ੇ 'ਤੇ ਜਲੰਧਰ ਵਿਖੇ 09 ਸਤੰਬਰ ਨੂੰ ਕਨਵੈਨਸ਼ਨ ਕੀਤੀ ਜਾ ਰਹੀ ਹੈ, ਉਸ ਵਿੱਚ ਮਾਨਸਾ ਤੋਂ ਵੱਡੀ ਗਿਣਤੀ ਅਧਿਆਪਕ ਸ਼ਾਮਲ ਹੋਣਗੇ। ਉਨ੍ਹਾ ਦੱਸਿਆ ਕਿ ਨਵੀਂ ਸਿੱਖਿਆ ਨੀਤੀ ਦੇ ਜਨਤਕ ਸਿੱਖਿਆ 'ਤੇ ਪੈਣ ਵਾਲੇ ਦੂਰ-ਪ੍ਰਭਾਵਾਂ ਬਾਰੇ ਸਿੱਖਿਆ ਮਾਹਰਾਂ ਵੱਲੋਂ ਜਾਗਰੂਕ ਕੀਤਾ ਜਾਵੇਗਾ। ਜਥੇਬੰਦੀ ਵੱਲੋਂ ਬੱਦੋਵਾਲ ਵਿਖੇ ਵਾਪਰੀ ਘਟਨਾ 'ਚ ਅਧਿਆਪਕਾ ਰਾਵਿੰਦਰ ਕੌਰ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਮੀਟਿੰਗ 'ਚ ਹੋਰ ਮਸਲੇ ਵੀ ਵਿਚਾਰੇ ਗਏ। ਮੀਟਿੰਗ ਉਪਰੰਤ ਅਧਿਆਪਕਾਂ ਦੇ ਭਖਦੇ ਮਸਲਿਆਂ ਲਈ ਵਫਦ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਮਾਨਸਾ ਹਰਿੰਦਰ ਸਿੰਘ ਭੁੱਲਰ ਨੂੰ ਮਿਲਿਆ।

ਬਾਈਕ ਚੋਰੀ ਕਰਕੇ ਵੇਚਣ ਵਾਲਾ ਕਾਬੂ

ਜਗਰਾਓਂ (ਅਮਿਤ ਖੰਨਾ)-ਡੀ.ਐੱਸ.ਪੀ. ਸਤਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਥਾਣਾ ਸਦਰ ਦੇ ਐੱਸ.ਐੱਚ.ਓ. ਅਮਰਜੀਤ ਸਿੰਘ ਨੇ ਮਿਲੀ ਸੂਚਨਾ ਦੇ ਆਧਾਰ 'ਤੇ ਰਵੀ ਕੁਮਾਰ ਉਰਫ ਰਵੀ ਪ੍ਰਧਾਨ ਪੁੱਤਰ ਜਗਜੀਤ ਸਿੰਘ ਉਰਫ ਜੀਤੀ ਡਰਾਈਵਰ ਵਾਸੀ ਮੁਹੱਲਾ ਆਵਾ, ਪ੍ਰਤਾਪ ਨਗਰ, ਭੱਦਰਕਾਲੀ ਮੰਦਿਰ ਨੇੜੇ ਨੂੰ ਮਲਕ ਰੋਡ 'ਤੇ ਨਾਕਾ ਲਗਾ ਕੇ ਗ੍ਰਿਫ਼ਤਾਰ ਕੀਤਾ ਹੈ। ਜਦੋਂ ਰਵੀ ਕੁਮਾਰ ਤੋਂ ਪੁੱਛ ਪੜਤਾਲ ਕੀਤੀ ਗਈ ਤਾਂ ਉਸ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਲੁਧਿਆਣਾ ਦੇ ਬੱਸ ਸਟੈਂਡ ਨੇੜਿਓਂ ਅੱਠ ਮੋਟਰਸਾਈਕਲ ਤੇ ਇੱਕ ਐਕਟਿਵਾ ਚੋਰੀ ਕਰ ਲਈ ਸੀ, ਜੋ ਉਸ ਨੇ ਸਥਾਨਕ ਸ਼ੁਗਰ ਮਿੱਲ ਵਾਲੀ ਸਾਈਡ ਕੋਠੇ ਅੱਠ ਚੱਕ ਨੇੜੇ ਝਾੜੀਆਂ ਵਿੱਚ ਛੁਪਾ ਦਿੱਤਾ ਸੀ। ਇਨ੍ਹਾਂ ਮੋਟਰਸਾਈਕਲ ਤੇ ਐਕਟਿਵਾ ਨੂੰ ਰਵੀ ਕੁਮਾਰ ਦੀ ਨਿਸ਼ਾਨਦੇਹੀ 'ਤੇ ਪੁਲਸ ਨੇ ਬਰਾਮਦ ਕਰ ਲਿਆ ਹੈ। ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ ਕਰਕੇ ਦੋ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਿਸ ਤੋਂ ਹੋਰ ਬਰਾਮਦਗੀ ਹੋਣ ਦੀ ਸੰਭਾਵਨਾ ਹੈ ਅਤੇ ਉਹ ਚੋਰੀ ਕੀਤੇ ਦੋ ਪਹੀਆ ਵਾਹਨ ਕਿਸ ਨੂੰ ਵੇਚਦਾ ਸੀ, ਬਾਰੇ ਵੀ ਪੜਤਾਲ ਕੀਤੀ ਜਾਵੇਗੀ।

ਐੱਸ ਐੱਸ ਪੀ ਤੇ ਡੀ ਸੀ ਦਫਤਰ ਅੱਗੇ ਧਰਨਾ ਭਲਕੇ

ਮੱਖੂ (ਰਛਪਾਲ ਸਿੰਘ ਸੰਧੂ)-ਸੂਬੇ ਵਿੱਚ ਵੱਧ ਰਹੇ ਨਸ਼ੇ ਨੂੰ ਠੱਲ੍ਹ ਪਾਉਣ ਲਈ, ਲਾਅ ਐਂਡ ਆਰਡਰ ਦੀ ਸਥਿਤੀ ਦੇ ਵਿਗੜ ਰਹੇ ਹਲਾਤਾਂ ਲਈ ਤੇ ਹੜ੍ਹ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ ਲਈ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਸਾਬਕਾ ਵਿਧਾਇਕ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਵੱਲੋਂ ਐੱਸ ਐੱਸ ਪੀ ਫਿਰੋਜ਼ਪੁਰ ਤੇ ਡੀ ਸੀ ਫਿਰੋਜ਼ਪੁਰ ਦੇ ਦਫਤਰਾਂ ਅੱਗੇ 28 ਅਗਸਤ ਨੂੰ ਲਗਾਏ ਜਾ ਧਰਨੇ ਦੇ ਸਬੰਧੀ ਮਖੂ ਵਿਖੇ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਉਪਰੰਤ ਸਾਬਕਾ ਚੇਅਰਮੈਨ ਮਹਿੰਦਰਜੀਤ ਸਿੰਘ ਜ਼ੀਰਾ, ਸਾਬਕਾ ਚੇਅਰਮੈਨ ਜਥੇ. ਗੁਰਮੇਜ ਸਿੰਘ ਬਾਹਰਵਾਲੀ, ਸੀਨੀਅਰ ਕਾਂਗਰਸੀ ਆਗੂ ਰਾਜੂ ਕੰਧਾਰੀ ਤੇ ਨਵੀਨ ਗਰੋਵਰ ਬੱਬੂ ਸਾਬਕਾ ਐੱਮ ਸੀ ਨੇ ਦੱਸਿਆ ਕਿ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿਵਾਉਣ ਲਈ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਮੰਗ ਪੱਤਰ ਸੌਂਪੇ ਜਾਣਗੇ। ਇਸ ਧਰਨੇ 'ਚ ਪ

27-AUG-PAGE-5.qxd 8/26/2023 10:16 PM Page 1

ਕੌਂਸਲਰਾਂ ਵੱਲੋਂ ਮਹੀਨਾਵਾਰ ਮੀਟਿੰਗ ਦੇ ਵਿਰੋਧ 'ਚ ਧਰਨਾ

ਕਿਸੇ ਵੀ ਕੌਂਸਲਰ ਨਾਲ਼ ਪੱਖਪਾਤ ਨਹੀਂ ਕੀਤਾ ਜਾ ਰਿਹਾ : ਪ੍ਰਧਾਨ ਪੁਸ਼ਪਾ ਰਾਣੀ

ਧੂਰੀ (ਸੁਖਦੇਵ ਧੂਰੀ)-ਨਗਰ ਕੌਂਸਲ ਦਫਤਰ ਧੂਰੀ ਵਿਖੇ ਨਗਰ ਕੌਂਸਲ ਦੀ ਪ੍ਰਧਾਨ ਪੁਸ਼ਪਾ ਰਾਣੀ ਤਾਇਲ ਤੇ ਕਾਰਜ ਸਾਧਕ ਅਫਸਰ ਨਗਰ ਕੌਂਸਲ ਧੂਰੀ ਅਸ਼ਵਨੀ ਕੁਮਾਰ ਵੱਲੋਂ ਧੂਰੀ ਸ਼ਹਿਰ ਦੇ ਵੱਖ-ਵੱਖ ਏਜੰਡਿਆਂ ਸੰਬੰਧੀ ਮਹੀਨਾਵਾਰ ਮੀਟਿੰਗ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਪਹੁੰਚੇ ਕੌਂਸਲਰਾਂ ਵੱਲੋਂ ਮੀਟਿੰਗ ਦਾ ਵਿਰੋਧ ਕਰਦਿਆਂ ਨਗਰ ਕੌਂਸਲ ਦਫਤਰ ਦੇ ਬਾਹਰ ਧਰਨਾ ਲਗਾ ਦਿੱਤਾ ਗਿਆ। ਇਸ ਮੌਕੇ ਵਾਰਡ 18 ਤੋਂ ਆਮ ਆਦਮੀ ਪਾਰਟੀ ਦੀ ਕੌਂਸਲਰ ਅਮਰਜੋਤ ਕੌਰ ਬਾਜਵਾ ਅਤੇ ਵਾਰਡ ਨੰਬਰ 9 ਦੀ ਕੌਂਸਲਰ ਅਮਨਦੀਪ ਕੌਰ ਔਲਖ ਦੇ ਪਤੀ ਬਲਵਿੰਦਰ ਸਿੰਘ ਬਿੱਲੂ ਤੇ ਕੌਂਸਲਰ ਅਜੈ ਪਰੋਚਾ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਰੱਖੇ ਗਏ ਕੰਮ ਕੌਂਸਲਰਾਂ ਦੀ ਸਹਿਮਤੀ ਤੋਂ ਬਿਨਾਂ ਏਜੰਡੇ ਵਿੱਚ ਪਾਏ ਗਏ ਹਨ ਅਤੇ ਉਨ੍ਹਾਂ ਕਿਹਾ ਕਿ ਨਗਰ ਕੌਂਸਲ ਧੂਰੀ ਦੀ ਪ੍ਰਧਾਨ ਵੱਲੋਂ ਸ਼ਹਿਰ ਵਿੱਚ ਹੋਣ ਵਾਲੇ ਵਿਕਾਸ ਸੰਬੰਧੀ ਕੌਂਸਲਰਾਂ ਨਾਲ਼ ਕਿਸੇ ਵੀ ਤਰ੍ਹਾਂ ਦਾ ਵਿਚਾਰ ਵਟਾਂਦਰਾ ਕਰਨ ਦੀ ਬਜਾਏ ਉਨ੍ਹਾਂ ਵੱਲੋਂ ਆਪਣੇ ਵਾਰਡਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਨੂੰ ਵਾਂਝੇ ਰੱਖ ਕੇ ਇਸ ਏਜੰਡਾ ਮੀਟਿੰਗ ਵਿੱਚ ਹੋਰ ਮਸਲੇ ਵਿਚਾਰੇ ਜਾ ਰਹੇ ਹਨ, ਜਿਸ ਦਾ ਕੌਂਸਲਰਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਇਸ ਧਰਨੇ ਵਿੱਚ ਕੌਂਸਲਰ ਅਮਰਜੋਤ ਕੌਰ ਬਾਜਵਾ, ਕੌਂਸਲਰ ਪੁਸ਼ਪਿੰਦਰ ਸ਼ਰਮਾ, ਕੌਂਸਲਰ ਅਜੈ ਪਰੋਚਾ, ਕੌਂਸਲਰ ਅਮਨਦੀਪ ਕੌਰ, ਕੌਂਸਲਰ ਭੁਪਿੰਦਰ ਸਿੰਘ, ਕੌਂਸਲਰ ਸੋਨੀਆ ਪਰੋਚਾ, ਕੌਂਸਲਰ ਅਸ਼ਵਨੀ ਮਿੱਠੂ, ਕੌਂਸਲਰ ਮਹਾਂਵੀਰ ਫੌਜੀ, ਕੌਂਸਲਰ ਨਰਪਿੰਦਰ ਗੌਰਾ, ਕੌਂਸਲਰ ਹਰਕ੍ਰਿਸ਼ਨ ਮਨੀ, ਕੌਂਸਲਰ ਬਲਜੀਤ ਕੌਰ, ਕੌਂਸਲਰ ਸਰੋਜ ਰਾਣੀ ਤੇ ਵਾਰਡ ਨੰਬਰ 9 ਦੀ ਕੌਂਸਲਰ ਅਮਨਦੀਪ ਕੌਰ ਦੇ ਪਤੀ ਬਲਵਿੰਦਰ ਸਿੰਘ ਬਿੱਲੂ ਸਮੇਤ ਹੋਰ ਵੀ ਹਾਜ਼ਰ ਸਨ। ਕੌਂਸਲਰਾਂ ਵੱਲੋਂ ਲਗਾਏ ਗਏ ਧਰਨੇ ਸੰਬੰਧੀ ਜਦੋਂ ਨਗਰ ਕੌਂਸਲ ਧੂਰੀ ਦੀ ਪ੍ਰਧਾਨ ਪੁਸ਼ਪਾ ਰਾਣੀ ਤਾਇਲ ਤੇ ਕਾਰਜ ਸਾਧਕ ਅਫਸਰ ਨਗਰ ਕੌਂਸਲ ਨਾਲ਼ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅੱਜ ਦੀ ਮਹੀਨਾਵਾਰ ਮੀਟਿੰਗ ਵਿੱਚ ਸ਼ਹਿਰ ਦੇ ਵੱਖ ਵੱਖ ਵਿਕਾਸ ਕਾਰਜਾਂ ਸੰਬੰਧੀ ਏਜੰਡਾ ਰੱਖਿਆ ਗਿਆ ਸੀ, ਪ੍ਰੰਤੂ ਕੌਂਸਲਰਾਂ ਵੱਲੋਂ ਇਸ ਮੀਟਿੰਗ ਦਾ ਬਾਈਕਾਟ ਕੀਤਾ ਗਿਆ, ਜਿਸ ਕਾਰਨ ਅੱਜ ਦੀ ਇਹ ਮੀਟਿੰਗ ਰੱਦ ਕਰ ਦਿੱਤੀ ਗਈ ਅਤੇ ਉਨ੍ਹਾਂ ਕੌਂਸਲਰਾਂ ਵੱਲੋਂ ਲਗਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਧੂਰੀ ਸ਼ਹਿਰ ਵਿੱਚ ਬਿਨਾਂ ਪੱਖਪਾਤ ਤੋਂ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

ਦੋ ਭਰਾਵਾਂ ਦੀ ਗੋਲੀਆਂ ਮਾਰ ਕੇ ਹੱਤਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਫਿਰੋਜ਼ਪੁਰ ਵਿੱਚ ਦਿਲ ਨੂੰ ਦਹਿਲਾ ਦੇਣ ਵਾਲੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ।ਫਿਰੋਜ਼ਪੁਰ ਵਿਖੇ ਦੋ ਨੌਜਵਾਨਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।ਮਿਲੀ ਜਾਣਕਾਰੀ ਮੁਤਾਬਕ ਫ਼ਿਰੋਜ਼ਪੁਰ ਦੇ ਪਿੰਡ ਭਾਵੜਾ 'ਚ ਮੋਬਾਇਲ ਨੂੰ ਲੈ ਕੇ ਮਾਮੂਲੀ ਬਹਿਸ ਹੋ ਗਈ।ਇਹ ਬਹਿਸ ਇੰਨੀ ਵੱਧ ਗਈ ਕਿ ਗੋਲ਼ੀਆਂ ਤੱਕ ਚਲਾ ਦਿੱਤੀਆਂ ਗਈਆਂ।ਇਸ ਦੌਰਾਨ ਗੋਲ਼ੀਬਾਰੀ 'ਚ ਫ਼ਰੀਦਕੋਟ ਦੇ ਅਰਾਈਆਂ ਵਾਲਾ ਦੇ ਦੋ ਸਕੇ ਭਰਾਵਾਂ ਨੂੰ ਗੰਭੀਰ ਰੂਪ ਨਾਲ ਜ਼ਖ਼ਮੀ ਕੀਤਾ ਗਿਆ।ਜ਼ਖ਼ਮੀ ਹਾਲਤ 'ਚ ਦੋਹਾਂ ਨੂੰ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ, ਜਿੱਥੇ ਦੋਹਾਂ ਭਰਾਵਾਂ ਦੀ ਮੌਤ ਹੋ ਗਈ। ਮ੍ਰਿਤਕ ਭਰਾਵਾਂ ਦੇ ਦੀ ਪਛਾਣ ਜਗਦੀਸ਼ ਸਿੰਘ (34) ਤੇ ਕੁਲਦੀਪ ਸਿੰਘ (36) ਪੁੱਤਰ ਸੋਹਣ ਸਿੰਘ ਵਜੋਂ ਹੋਈ ਹੈ। ਦੱਸਿਆ ਜਾਂਦਾ ਹੈ ਕਿ ਸੁੱਖੀ ਉਰਫ਼ ਬਾਸ਼ੀ ਨਾਂ ਦਾ ਵਿਅਕਤੀ ਨਸ਼ਾ ਵੇਚਦਾ ਹੈ, ਜਿਸ ਕੋਲ ਜਗਦੀਸ਼ ਦਾ ਮੋਬਾਇਲ ਫ਼ੋਨ ਸੀ ਤੇ ਜਗਦੀਸ਼ ਅਤੇ ਉਨ੍ਹਾਂ ਦਾ ਭਰਾ ਕੁਲਦੀਪ ਸਿੰਘ ਸੁੱਖੀ ਪਾਸੋਂ ਅਪਣਾ ਮੋਬਾਇਲ ਫ਼ੋਨ ਲੈਣ ਲਈ ਪਿੰਡ ਭਾਵੜਾ ਆਜ਼ਮ ਸ਼ਾਹ ਵਿਖੇ ਆਏ ਸਨ, ਜਿੱਥੇ ਦੋਵਾਂ ਪਾਰਟੀਆਂ ਵਿਚਕਾਰ ਬਹਿਸ ਹੋ ਗਈ ਤੇ ਸੁੱਖੀ ਨੇ ਆਪਣੇ ਪਿਸਤੌਲ ਨਾਲ ਗੋਲ਼ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।ਗੋਲ਼ੀਆਂ ਦੋਵੇਂ ਭਰਾ ਜਗਦੀਸ਼ ਤੇ ਕੁਲਦੀਪ ਨੂੰ ਲੱਗ ਗਈਆਂ, ਜਿਨ੍ਹਾਂ ਨੂੰ ਫਰੀਦਕੋਟ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ, ਜਿੱਥੇ ਡਾਕਟਰਾਂ ਨੇ ਜਗਦੀਸ਼ ਨੂੰ ਮ੍ਰਿਤਕ ਐਲਾਨ ਦਿੱਤਾ, ਜਦਕਿ ਜ਼ਖ਼ਮੀ ਕੁਲਦੀਪ ਦੀ ਵੀ ਅੱਜ ਇਲਾਜ ਦੌਰਾਨ ਮੌਤ ਹੋ ਗਈ।ਇਸ ਘਟਨਾ ਸਬੰਧੀ ਪੁਲਸ ਵੱਲੋਂ ਗੋਲ਼ੀਆਂ ਚਲਾਉਣ ਵਾਲੇ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ।

ਹੜ੍ਹ ਪੀੜਤਾਂ ਲਈ ਰਾਹਤ ਸਮਗਰੀ ਪਹੁੰਚਾਈ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਪੰਜਾਬ ਤੇ ਹੋਰਾਂ ਸੂਬਿਆਂ ਵਿੱਚ ਕੁਦਰਤੀ ਆਫਤ ਨੇ ਪਿਛਲੇ ਕਈ ਦਿਨਾਂ ਤੋਂ ਬਹੁਤ ਸਾਰੇ ਇਲਾਕਿਆਂ ਨੂੰ ਪ੍ਰਭਾਵਿਤ ਕੀਤਾ, ਜਿਨ੍ਹਾਂ ਵਿੱਚ ਲੋਕਾਂ ਦਾ ਭਾਰੀ ਨੁਕਸਾਨ ਹੋਇਆ।ਇਸ ਤਹਿਤ ਗੁਰਦੁਆਰਾ ਗੁਰੂ ਰਾਮਦਾਸਪੁਰੀ ਅਰਮਾਨਪੁਰਾ (ਆਂਸਲ), ਗੁਰੂ ਰਾਮਦਾਸ ਪਬਲਿਕ ਸਕੂਲ ਸ਼ਾਹਦੀਨ ਵਾਲਾ (ਅਰਮਾਨਪੁਰਾ) ਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਹੜ੍ਹ ਪੀੜਤ ਪਿੰਡ ਕਾਮਲ ਵਾਲਾ, ਕਿਲਚੇ, ਪੱਲਾ ਮੇਘਾ ਆਦਿ ਲਈ ਰਾਹਤ ਸਮੱਗਰੀ, ਜਿਸ ਵਿੱਚ ਦੋ ਕੈਂਟਰ ਪਸ਼ੂਆਂ ਦੀ ਫੀਡ, ਦੋ ਟਰਾਲੀਆਂ ਤੂੜੀ ਤੇ ਘਰੇਲੂ ਰਸਤਾਂ ਦਾ ਪ੍ਰਬੰਧ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਗੁਰੂ ਰਾਮਦਾਸਪੁਰੀ ਅਰਮਾਨਪੁਰਾ ਦੇ ਸੰਚਾਲਕ ਭਗਤ ਬਾਬਾ ਮਿਲਖਾ ਸਿੰਘ ਨੇ ਇਲਾਕੇ ਦੀਆਂ ਸੰਗਤਾਂ ਨੂੰ ਇਸ ਪਾਣੀ ਦੀ ਮਾਰ ਵਿੱਚੋਂ ਨਿਕਲਣ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ ਤੇ ਬਾਬਾ ਜੀ ਨੇ ਕਿਹਾ ਕਿ ਅਸੀਂ ਹਮੇਸ਼ਾ ਇਨ੍ਹਾਂ ਸੰਗਤਾਂ ਨਾਲ ਖੜੇ ਹਾਂ।

ਸਟੂਡੈਂਟ ਪਾਵਰ ਆਫ ਪੰਜਾਬ ਵੱਲੋਂ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਰੈਲੀ

ਗੀ-ਅਪੀਅਰ ਵਾਲੇ ਪੇਪਰਾਂ ਦੀ ਰੀਵੈਲੂਏਸ਼ਨ ਬਿਨਾਂ ਫੀਸ ਤੋਂ ਕਰਵਾਈ ਜਾਵੇ : ਪ੍ਰਦੀਪ ਗੁਰੂ

ਮਾਨਸਾ (ਆਤਮਾ ਸਿੰਘ ਪਮਾਰ)-ਵਿਦਿਆਰਥੀ ਜਥੇਬੰਦੀ ਸਟੂਡੈਂਟ ਪਾਵਰ ਆਫ ਪੰਜਾਬ ਵੱਲੋਂ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਰੈਲੀ ਕੀਤੀ ਗਈ ਰੈਲੀ ਦੀ ਸੁਰੂਆਤ ਵਿੱਚ ਪਿਛਲੇ ਸਮੇਂ ਵਿੱਚ ਵਿਛੜੇ ਸਾਥੀ ਅਮਰੀਕ ਸਿੰਘ ਸਮਾਓ ਨੂੰ ਯਾਦ ਕਰਦਿਆ ਖੜ੍ਹੇ ਹੋ ਕੇ ਦੋ ਮਿੰਟਾਂ ਦਾ ਮੌਨ ਰੱਖਿਆ ਅਤੇ ਸਰਧਾਂਜਲੀ ਦਿੱਤੀ ਗਈ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਵਿਦਿਆਰਥੀ ਜਥੇਬੰਦੀ ਸਟੂਡੈਂਟ ਪਾਵਰ ਆਫ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਦੀਪ ਗੁਰੂ, ਖਜ਼ਾਨਚੀ ਗੁਰਵਿੰਦਰ ਨੰਦਗੜ੍ਹ ਤੇ ਸਕੱਤਰ ਸੋਨੂੰ ਝੱਬਰ ਨੇ ਕਿਹਾ ਕਿ ਵਿਦਿਆਰਥੀਆਂ ਦੇ ਭਵਿੱਖ ਨੂੰ ਦਾਅ 'ਤੇ ਲਗਾਇਆ ਜਾ ਰਿਹਾ ਹੈ, ਭਾਵੇਂ ਉਹ ਪੰਜਾਬ ਦੀ ਮਾਨ ਸਰਕਾਰ ਹੋਵੇ ਜਾਂ ਕੇਂਦਰ ਦੀ ਮੋਦੀ ਸਰਕਾਰ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਬੀ ਏ ਸਮੈਸਟਰ ਪਹਿਲੇ ਦਾ ਨਤੀਜਾ ਜਾਰੀ ਕੀਤਾ ਹੈ, ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਥੋਕ ਵਿੱਚ ਵਿਦਿਆਰਥੀਆਂ ਦੀਆਂ ਗੀ-ਅਪੀਅਰਾਂ ਕੱਢ ਕੇ ਵਿਦਿਆਰਥੀਆਂ ਦੀ ਲੁੱਟ ਕਰਨ ਦੇ ਰਾਹ ਤੁਰ ਕੇ ਵਿਦਿਆਰਥੀਆਂ ਦਾ ਭਵਿੱਖ ਹਨੇਰੇ ਵਿੱਚ ਵਿੱਚ ਧਕੇਲਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਨਾਲ ਹੀ ਕਾਲਜ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਦੇ ਬੱਸ ਪਾਸ ਦੇ ਫਾਰਮ ਵੀ ਨਹੀਂ ਦਿੱਤੇ ਜਾ ਰਹੇ, ਜਿਸ ਕਰਕੇ ਵਿਦਿਆਰਥੀਆਂ ਦੀ ਜੇਬ 'ਤੇ ਬੱਸ ਕਿਰਾਏ ਦਾ ਬੇਲੋੜਾ ਬੋਝ ਪੈ ਰਿਹਾ ਹੈ। ਉਨ੍ਹਾਂ ਯੂਨੀਵਰਸਿਟੀ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਵਿਦਿਆਰਥੀਆਂ ਦੀਆਂ ਥੋਕ ਵਿੱਚ ਕੱਢੀ ਗੀ-ਅਪੀਅਰ ਵਾਲੇ ਪੇਪਰ ਬਿਨਾਂ ਫੀਸ ਤੋਂ ਗੀ-ਅਵੈਲੂਏਸ਼ਨ ਕਰਵਾਈ ਜਾਵੇ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਵਿਦਿਆਰਥੀਆਂ ਦੇ ਬੱਸ ਪਾਸ ਜਾਰੀ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀਆਂ ਮੰਗਾਂ ਲਈ 28 ਅਗਸਤ ਨੂੰ ਕਾਲਜ ਤੋਂ ਡੀ ਸੀ ਦਫਤਰ ਮਾਨਸਾ ਤੱਕ ਮਾਰਚ ਕਰਕੇ ਮੰਗ ਪੱਤਰ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਸਰਕਾਰੀ ਕਾਲਜਾਂ ਵਿੱਚ ਪੜ੍ਹਾ ਰਹੇ ਗੈਸਟ ਫੈਕਲਟੀ ਅਧਿਆਪਕਾਂ ਨੂੰ 20 ਸਾਲ ਹੋ ਚੁੱਕੇ ਹਨ ਤੇ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਕੇ ਪ੍ਰੋਫੈਸਰ ਵਿਦਿਆਰਥੀਆਂ ਦੇ ਭਵਿੱਖ ਨੂੰ ਉੱਜਵਲ ਕਰਨ ਲਈ ਮਿਹਨਤ ਕਰ ਰਹੇ ਹਨ, ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਗੈਸਟ ਅਧਿਆਪਕਾਂ ਨੂੰ ਪੱਕਾ ਕਰੇ। ਇਸ ਸਮੇਂ ਜਥੇਬੰਦੀ ਦੇ ਆਗੂ ਫਰੋਨਦੀਪ ਠੂਠਿਆਂਵਾਲੀ, ਕਮਲਪ੍ਰੀਤ ਕੌਰ ਝੁਨੀਰ, ਮਨਪ੍ਰੀਤ ਕੌਰ, ਵਿੱਕੀ ਜਵਾਹਰਕੇ, ਜੀਤ ਬਰਾੜ, ਮਨਪ੍ਰੀਤ ਜਵਾਹਰਕੇ, ਅਵਤਾਰ ਮੀਰਪੁਰ ਆਦਿ ਸ਼ਾਮਲ ਸਨ।

ਕਾਤਰਾਂ

ਪੱਤਰਕਾਰ ਧਰਮ ਪਾਲ ਪੁੰਨੀ ਨਾਲ ਕੀਤਾ ਦੁੱਖ ਸਾਂਝਾ

ਜੈਤੋ (ਸਤੀਸ਼ ਕੁਮਾਰ ਭੀਗੀ)-ਪਿਛਲੇ ਦਿਨੀਂ ਧਰਮ ਪਾਲ ਪੁੰਨੀ ਪੱਤਰਕਾਰ ਦੇ ਛੋਟੇ ਭਰਾ ਦੀ ਮੌਤ ਹੋ ਗਈ ਸੀ। ਇਸ ਮੌਕੇ ਉਨ੍ਹਾ ਨਾਲ ਦੁੱਖ ਸਾਂਝਾ ਕਰਨ ਲਈ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ, ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੱਤ ਪਾਲ ਡੋਡ, ਤੀਰਥ ਰਾਮ ਗਰਗ, ਅਸ਼ੋਕ ਕੁਮਾਰ ਗਰਗ, ਭਾਜਪਾ ਦੇ ਪੰਨਾ ਲਾਲ ਜੈਨ, ਪ੍ਰਦੀਪ ਸਿੰਗਲਾ, ਸੰਦੀਪ ਸ਼ਰਮਾ ਟੋਨੀ, ਅਕਾਲੀ ਦਲ ਦੇ ਸੂਬਾ ਸਿੰਘ ਬਾਦਲ, ਐਡਵੋਕੇਟ ਅਕਾਲ ਜੋਤ ਸਿੰਘ ਬਰਾੜ, ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸੂਰਜ ਭਾਰਦਵਾਜ, ਸੁਖਪਾਲ ਸਿੰਘ ਪਾਲੀ ਤੇ ਹੋਰਨਾਂ ਵੱਲੋਂ ਪੱਤਰਕਾਰ ਧਰਮ ਪਾਲ ਪੁੰਨੀ ਨਾਲ ਦੁੱਖ ਸਾਂਝਾ ਕਰਦਿਆਂ ਪਰਮਾਤਮਾ ਅੱਗੇ ਪਰਿਵਾਰ ਨੂੰ ਭਾਣਾ ਮੰਨਣ ਦੀ ਅਰਦਾਸ ਕੀਤੀ ਗਈ।

ਜਗਜੀਤ ਲੱਡਾ ਦੇ ਬਾਲ ਗਜ਼ਲ-ਸੰਗ੍ਰਹਿ ਦਾ ਲੋਕ ਅਰਪਣ ਅੱਜ

ਸੰਗਰੂਰ (ਪ੍ਰਵੀਨ ਸਿੰਘ)-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੀ ਮਾਸਿਕ ਸਾਹਿਤਕ ਇਕੱਤਰਤਾ 27 ਅਗਸਤ ਨੂੰ ਸਵੇਰੇ 10:00 ਵਜੇ ਮਾਨ ਹੋਮੀਓਪੈਥਿਕ ਕਲੀਨਿਕ, ਬਰਨਾਲਾ ਕੈਂਚੀਆਂ ਸੰਗਰੂਰ ਵਿਖੇ ਰੱਖੀ ਗਈ ਹੈ, ਜਿਸ ਵਿੱਚ ਉੱਘੇ ਬਾਲ ਗਜ਼ਲਗੋ ਜਗਜੀਤ ਸਿੰਘ ਲੱਡਾ ਦੇ ਦੋ ਬਾਲ ਗਜ਼ਲ-ਸੰਗ੍ਰਹਿ 'ਆਪਣਾ ਪੰਜਾਬ' ਤੇ 'ਪਿਆਰਾ ਭਾਰਤ' ਲੋਕ ਅਰਪਣ ਕੀਤੇ ਜਾਣਗੇ। ਇਸ ਤੋਂ ਪਹਿਲਾਂ ਜਗਜੀਤ ਸਿੰਘ ਲੱਡਾ ਦੇ ਦਰਜਨ ਤੋਂ ਵੱਧ ਬਾਲ ਗਜ਼ਲ-ਸੰਗ੍ਰਹਿ ਤੇ ਕਿਸਾਨੀ ਸੰਘਰਸ਼ ਬਾਰੇ ਇੱਕ ਕਾਵਿ-ਸੰਗ੍ਰਹਿ 'ਜਨ ਅੰਦੋਲਨ' ਪ੍ਰਕਾਸ਼ਤ ਹੋ ਚੁੱਕੇ ਹਨ।

ਸਰਬੱਤ ਦਾ ਭਲਾ ਟਰੱਸਟ ਨੇ ਲੈਬ ਦੀ ਦੂਜੀ ਵਰ੍ਹੇਗੰਢ ਮਨਾਈ

ਮੱਖੂ (ਰਛਪਾਲ ਸਿੰਘ ਸੰਧੂ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਤਹਿਸੀਲ ਰੋਡ ਮਖੂ ਵਿਖੇ ਨਾਮਾਤਰ ਰੇਟਾਂ 'ਤੇ ਖੋਲ੍ਹੀ ਗਈ ਸੰਨੀ ਓਬਰਾਏ ਲੈਬੋਰਟਰੀ ਦੇ ਦੋ ਸਾਲ ਸਫਲਤਾ ਪੂਰਵਕ ਬੀਤ ਜਾਣ 'ਤੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਲੈਬ ਦੀ ਦੂਜੀ ਵਰ੍ਹੇਗੰਢ ਮਨਾਈ ਗਈ। ਇਸ ਮੌਕੇ ਕੇਕ ਕੱਟਿਆ ਗਿਆ ਤੇ ਸੰਸਥਾ ਵੱਲੋਂ ਇਮਾਨਦਾਰੀ ਨਾਲ ਲੈਬ 'ਚ ਡਿਊਟੀਆਂ ਨਿਭਾਅ ਰਹੇ ਟੈਕਨੀਸ਼ਨਾਂ ਨੂੰ ਸਨਮਾਨਤ ਕੀਤਾ ਗਿਆ। ਸੰਸਥਾ ਦੇ ਜ਼ਿਲ੍ਹਾ ਇਸਤਰੀ ਵਿੰਗ ਪ੍ਰਧਾਨ ਅਮਰਜੀਤ ਕੌਰ ਛਾਬੜਾ ਨੇ ਹਾਜ਼ਰ ਟੈਕਨੀਸ਼ਨਾਂ ਤੇ ਸੰਸਥਾ ਮੈਂਬਰਾਂ ਨੂੰ ਦੂਜੀ ਵਰ੍ਹੇਗੰਢ ਦੀਆਂ ਵਧਾਈਆਂ ਦਿੱਤੀਆਂ। ਸਮਾਜ ਸੇਵੀ ਲਖਵਿੰਦਰ ਸਿੰਘ ਵਾਹੀ ਨੇ ਇਸ ਨੇਕ ਕਾਰਜ ਲਈ ਸੰਸਥਾ ਦੇ ਮੁਖੀ ਡਾ. ਐੱਸ ਪੀ ਸਿੰਘ ਓਬਰਾਏ, ਮੈਡੀਕਲ ਸੇਵਾਵਾਂ ਦੇ ਸਲਾਹਕਾਰ ਡਾ. ਦਲਜੀਤ ਸਿੰਘ ਗਿੱਲ ਤੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ ਦਾ ਧੰਨਵਾਦ ਕੀਤਾ। ਦਵਿੰਦਰ ਸਿੰਘ ਛਾਬੜਾ ਪ੍ਰਧਾਨ ਮਖੂ ਵੱਲੋਂ ਸਭ ਮਹਿਮਾਨਾਂ ਦਾ ਇਥੇ ਪੁੱਜਣ 'ਤੇ ਧੰਨਵਾਦ ਕੀਤਾ ਗਿਆ।

ਅੰਤਰਰਾਸ਼ਟਰੀ ਮਹਿਲਾ ਸਮਾਨਤਾ ਦਿਵਸ ਮੌਕੇ ਸੈਮੀਨਾਰ

ਚੀਮਾਂ ਮੰਡੀ (ਰਵਿੰਦਰ ਚੀਮਾ)-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਪ੍ਰਿੰਸੀਪਲ ਡਾ. ਵੀ ਕੇ ਰਾਏ ਤੇ ਚੇਅਰਮੈਨ ਡਾ. ਰਵਿੰਦਰ ਬਾਂਸਲ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਮਹਿਲਾ ਸਮਾਨਤਾ ਦਿਵਸ ਮੌਕੇ ਇੱਕ ਸੈਮੀਨਾਰ ਕੀਤਾ ਗਿਆ, ਜਿਸ ਵਿੱਚ ਪ੍ਰਿੰਸੀਪਲ ਸਾਹਿਬ ਨੇ ਅਪਣੇ ਸੰਬੋਧਨ ਦੌਰਾਨ ਸ਼ਾਮਲ ਸਾਰੇ ਹੀ ਵਿਦਿਆਰਥੀਆਂ ਤੇ ਸਟਾਫ ਨੂੰ ਇਹ ਦਿਵਸ ਮਨਾਏ ਜਾਣ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਉਨ੍ਹਾ ਕਿਹਾ ਕਿ ਅੱਜ ਦੇ ਸਮਾਜ ਵਿੱਚ

page-6-27-(AUG)-2023-G-(BV).qxd 8/26/2023 10:52 PM Page 1

ਤਰਕਸ਼ੀਲ ਸੁਸਾਇਟੀ ਵੱਲੋਂ ਲੋਕਾਂ ਨੂੰ ਪਾਖੰਡੀ ਬਾਬਿਆਂ ਤੇ ਜੋਤਸ਼ੀਆਂ ਦੇ ਚੁੰਗਲ ਤੋਂ ਬਚਣ ਦੀ ਜ਼ੋਰਦਾਰ ਅਪੀਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸਮੁੱਚੇ ਪੰਜਾਬ ਵਿੱਚ ਮਰਹੂਮ ਤਰਕਸ਼ੀਲ ਆਗੂ ਡਾ. ਨਰਿੰਦਰ ਦਾਭੋਲਕਰ ਦੀ ਦਸਵੀਂ ਬਰਸੀ ਦੇ ਸੰਬੰਧ ਵਿੱਚ ਮਨਾਏ ਜਾ ਰਹੇ ਸਮਾਜਿਕ ਚੇਤਨਾ ਯਾਦਗਾਰੀ ਹਫਤੇ ਤਹਿਤ ਅੰਮ੍ਰਿਤਸਰ ਇਕਾਈ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਹਮਣੇ ਅਤੇ ਯੂ ਟੀ ਮਾਰਕੀਟ ਵਿਖੇ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਅੰਧ ਵਿਸਵਾਸ਼ਾਂ, ਵਹਿਮਾਂ-ਭਰਮਾਂ ਦੇ ਖਿਲਾਫ ਜਾਗਰੂਕ ਕਰਦੇ ਪੈਂਫਲਿਟ ਵੰਡੇ ਗਏ ਅਤੇ ਉਨ੍ਹਾਂ ਨੂੰ ਪਾਖੰਡੀ ਬਾਬਿਆਂ ਤੇ ਜੋਤਸ਼ੀਆਂ ਦੇ ਚੁੰਗਲ ਤੋਂ ਬਚਣ ਲਈ ਤਰਕਸ਼ੀਲ ਸਾਹਿਤ ਪੜ੍ਹਨ ਅਤੇ ਤਰਕਸ਼ੀਲ ਸੋਚ ਅਪਣਾਉਣ ਦਾ ਸੱਦਾ ਦਿੱਤਾ ਗਿਆ।

ਇਸ ਮੌਕੇ ਤਰਕਸ਼ੀਲ ਆਗੂਆਂ ਸੁਮੀਤ ਸਿੰਘ ਅਤੇ ਜਸਪਾਲ ਬਾਸਰਕੇ ਨੇ ਉੱਥੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਦੇਸ਼ ਵਿਚਲੇ ਸਾਮਰਾਜ ਪੱਖੀ, ਫਿਰਕੂ, ਭ੍ਰਿਸ਼ਟ ਅਤੇ ਲੋਕ ਵਿਰੋਧੀ ਰਾਜ ਪ੍ਰਬੰਧ ਕਾਰਨ ਬਹੁ ਗਿਣਤੀ ਮਿਹਨਤਕਸ਼ ਲੋਕ ਅਕਸਰ ਬੁਨਿਆਦੀ ਆਰਥਿਕ ਸਮੱਸਿਆਵਾਂ, ਮੁਸ਼ਕਲਾਂ, ਚਿੰਤਾਵਾਂ, ਬਿਮਾਰੀਆਂ ਅਤੇ ਮਾਨਸਿਕ ਤਣਾਓ ਦੇ ਸ਼ਿਕਾਰ ਰਹਿੰਦੇ ਹਨ ਅਤੇ ਪੁਜਾਰੀ ਵਰਗ ਵੱਲੋਂ ਕੀਤੇ ਜਾਂਦੇ ਅੰਧ ਵਿਸਵਾਸ਼ੀ ਪ੍ਰਚਾਰ ਤੋਂ ਗੁੰਮਰਾਹ ਹੋ ਕੇ ਉਹ ਇਨ੍ਹਾਂ ਤਕਲੀਫਾਂ ਨੂੰ ਪਿਛਲੇ ਜਨਮ ਦੇ ਕਰਮਾਂ ਦਾ ਫਲ, ਮਾੜੀ ਕਿਸਮਤ ਜਾਂ ਫਿਰ ਕਿਸੇ 'ਰੱਬ ਦਾ ਭਾਣਾ' ਮੰਨਦੇ ਹੋਏ ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ ਡੇਰਿਆਂ ਦੇ ਝਾਂਸੇ ਵਿੱਚ ਫਸ ਕੇ ਆਪਣੀ ਵੱਡੇ ਪੱਧਰ 'ਤੇ ਲੁੱਟ ਕਰਵਾ ਬੈਠਦੇ ਹਨ।

ਤਰਕਸ਼ੀਲ ਆਗੂਆਂ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਵਿੱਚ ਪੰਜਾਬ ਵਿਚ ਅਜਿਹੇ ਕਈ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਿਆਣਿਆਂ ਵਲੋਂ ਲੋਕਾਂ ਨੂੰ ਅੰਧ ਵਿਸਵਾਸ਼ਾਂ ਵਿਚ ਫਸਾ ਕੇ ਅਖੌਤੀ ਬੁਰੀ ਆਤਮਾ,ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਔਰਤਾਂ ਨਾਲ ਬਲਾਤਕਾਰ, ਕਤਲ, ਗਰਮ ਚਿਮਟਿਆਂ ਨਾਲ ਤਸੀਹੇ ਦੇਣ, ਅਗਵਾ ਕਰਨ, ਮਾਸੂਮ ਬੱਚਿਆਂ ਦੀ ਬਲੀ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਪੰਜਾਬ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਵਲੋਂ ਅਜਿਹੀਆਂ ਗੈਰ ਕਾਨੂੰਨੀ ਅਤੇ ਅਪਰਾਧਿਕ ਕਾਰਵਾਈਆਂ ਕਰਨ ਵਾਲਿਆਂ ਉਤੇ ਸਖਤ ਰੋਕ ਲਾਉਣ ਲਈ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਇਨ੍ਹਾਂ ਦੀ ਗੈਰ ਕਾਨੂੰਨੀ ਇਸਤਿਹਾਰਬਾਜ਼ੀ ਉਤੇ ਪਾਬੰਦੀ ਲਾਈ ਜਾ ਰਹੀ ਹੈ।

ਤਰਕਸ਼ੀਲ ਆਗੂਆਂ ਨੇ ਆਮ ਲੋਕਾਂ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਹਕੂਮਤੀ ਸਰਪ੍ਰਸਤੀ ਅਤੇ ਧਾਰਮਿਕ ਆਸਥਾ ਹੇਠ ਫੈਲਾਏ ਜਾ ਰਹੇ ਅੰਧਵਿਸਵਾਸ਼ਾਂ, ਵਹਿਮਾਂ-ਭਰਮਾਂ ਅਤੇ ਰੂੜ੍ਹੀਵਾਦੀ ਰਵਾਇਤਾਂ ਤੋਂ ਬਚਣ ਲਈ, ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਟਾਕਰਾ ਕਰਨ ਅਤੇ ਮੌਜੂਦਾ ਫਿਰਕੂ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਣ ਲਈ ਉਨ੍ਹਾਂ ਨੂੰ ਵਿਗਿਆਨਕ ਸੋਚ ਅਪਣਾਉਣ ਅਤੇ ਜੱਥੇਬੰਦਕ ਸੰਘਰਸ਼ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਮੌਕੇ ਤਰਕਸ਼ੀਲ ਆਗੂ ਮੇਲਾ ਰਾਮ ਬੀ ਈ ਓ, ਰਾਜ ਕੁਮਾਰ ਵੇਰਕਾ, ਹਰਜਿੰਦਰ ਜਲਾਲਪੁਰ, ਸ਼ਕਤੀ ਅਤੇ ਪਰਮਜੀਤ ਸਿੰਘ ਨੇ ਦੁਕਾਨਾਂ, ਆਟੋ ਰਿਕਸ਼ਿਆਂ, ਵਿਦਿਆਰਥੀਆਂ ਅਤੇ ਮੁਲਾਜ਼ਮਾਂ ਨੂੰ ਦੋਵਰਕੀ ਵੰਡਦੇ ਹੋਏ ਤਰਕਸ਼ੀਲ ਮੈਗਜ਼ੀਨ ਅਤੇ ਤਰਕਸ਼ੀਲ ਸਾਹਿਤ ਪੜ੍ਹਨ ਦਾ ਸੁਨੇਹਾ ਦਿੱਤਾ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਨਾਲ ਜੁੜਨ ਦਾ ਸੱਦਾ ਵੀ ਦਿੱਤਾ।

ਜਲ੍ਹਿਆਂ ਵਾਲੇ ਬਾਗ ਤੋਂ ਨਿਕਲਣ ਵਾਲੇ ਝੰਡਾ ਮਾਰਚ ਮੁਲਤਵੀ

ਪੱਟੀ, (ਬਲਦੇਵ ਸਿੰਘ ਸੰਧੂ /ਸਮਸ਼ੇਰ ਸਿੰਘ ਯੋਧਾ) - ਸੂਬੇ ਅੰਦਰ ਨਸ਼ੇ ਬੇਰੁਜ਼ਗਾਰੀ ਗੁੰਡਾਗਰਦੀ, ਲੁੱਟਾਂਖੋਹਾਂ ਚੋਰੀਆਂ-ਡਕੈਤੀਆਂ, ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈ ਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ 1 ਸਤੰਬਰ ਨੂੰ ਝੰਡਾ ਮਾਰਚ ਜਲਿਆਂ ਵਾਲੇ ਬਾਗ ਤੋਂ ਸ਼ੁਰੂ ਹੋ ਕਿ ਚੂਸਲੇਵੜ ਵਿਖੇ ਸਮਾਪਤ ਹੋਣਾ ਸੀ। ਝੰਡਾ ਮਾਰਚ ਨੂੰ ਲੈ ਕੇ ਪਿੰਡ ਚੂਸਲੇਵੜ ਵਿੱਚ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਨਿਸ਼ਾਨ ਸਿੰਘ ਦੀ ਅਗਵਾਈ ਵਿੱਚ ਆਯੋਜਿਤ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਹਰਭਜਨ ਸਿੰਘ ਚੂਸਲੇਵੜ ਤੇ ਧਰਮ ਸਿੰਘ ਪੱਟੀ ਨੇ ਇੱਕ ਸੁਰ ਵਿਚ ਕਿਹਾ ਕਿ ਪਾਰਟੀ ਵੱਲੋਂ ਲੋਕ ਜਗਾਓ ਮੁਹਿੰਮ ਤਹਿਤ ਇੱਕ ਸਤੰਬਰ ਨੂੰ ਜਲਿਆਂ ਵਾਲਾ ਬਾਗ ਅਮ੍ਰਿਤਸਰ ਤੋਂ ਝੰਡਾ ਮਾਰਚ ਚੱਲ ਕੇ ਵੱਖ ਵੱਖ ਪਿੰਡਾਂ ਵਿੱਚੋਂ ਹੁੰਦਾ ਹੋਇਆ ਦੋ ਸਤੰਬਰ ਨੂੰ ਚੂਸਲੇਵੜ ਪੁੱਜਣਾ ਸੀ, ਪੰਜਾਬ ਵਿੱਚ ਹੜ੍ਹਾਂ ਦੀ ਆਫਤ ਨੂੰ ਵੇਖਦਿਆਂ ਪ੍ਰੋਗਰਾਮ ਅੱਗੇ ਪਾ ਦਿੱਤਾ ਗਿਆ ਹੈ।

ਉਹਨਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਹੜ੍ਹ ਪੀੜਤਾਂ ਦੀ ਬਾਂਹ ਫੜਨ ਲਈ ਆਪਾਂ ਸਭ ਨੂੰ ਮਿਲ ਕੇ ਅੱਗੇ ਆਉਣਾ ਚਾਹੀਦਾ ਹੈ। ਪੰਜਾਬ ਦੇ ਲੋਕ ਦੋ ਵਾਰ ਹੜ੍ਹ ਦੀ ਮਾਰ ਨਾਲ ਝੰਬੇ ਜਾ ਚੁੱਕੇ ਹਨ, ਭਗਵੰਤ ਮਾਨ ਦੇ ਨਾਟਕੀ ਅੰਦਾਜ ਵਿੱਚ ਐਲਾਨ ਕਿ ਮੈਂ ਕੁੱਕੜੀ, ਬੱਕਰੀ ਦਾ ਮੁਆਵਜ਼ਾ ਵੀ ਹੜ੍ਹਪੀੜਤਾ ਨੂੰ ਦੇਵਾਂਗਾ ਝੂਠੇ ਸਾਬਤ ਹੋ ਰਹੇ ਹਨ। ਹੜ੍ਹਪੀੜਤਾਂ ਦੀ ਮਦਦ ਕਰ ਰਹੀਆਂ ਸਮਾਜਸੇਵੀ ਸੰਸਥਾਵਾਂ ਦੀ ਸ਼ਲਾਘਾ ਆਪਾਂ ਸਭ ਨੂੰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹੜ੍ਹ ਨਾਲ ਜਿੱਥੇ ਕਿਸਾਨਾਂ ਦਾ ਨੁਕਸਾਨ ਹੋਇਆ ਹੈ ਉਥੇ ਮਜਦੂਰਾਂ ਦੀ ਮਜਦੂਰੀ ਦਾ ਵੀ ਬਹੁਤ ਨੁਕਸਾਨ ਹੋਇਆ। ਸਰਕਾਰ ਰੋਜ਼ਾਨਾ ਗਿਰਦਾਵਰੀ ਦਾ ਢੰਡੋਰਾ ਅਲਾਪ ਕੇ ਡੰਗ ਟਪਾਊ ਨੀਤੀ ਅਪਣਾ ਰਹੀ ਹੈ ਜਦ ਕੇ ਹਥਾੜ ਦਾ ਸਾਰਾ ਇਲਾਕਾ ਹੀ ਡੁੱਬਿਆ ਸਭ ਨੂੰ ਨਜ਼ਰ ਆ ਰਿਹਾ ਹੈ, ਤਾਂ ਗਿਰਦਾਵਰੀ ਵਿੱਚ ਦੇਰੀ ਕਿਉਂ? ਉਹਨਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਤੁਰੰਤ ਪੰਜਾਬ ਵਿੱਚ ਆਏ ਹੜ੍ਹ ਨੂੰ ਕੌਮੀ ਆਫਤ ਐਲਾਨ ਹੜ੍ਹ ਨਾਲ ਮਾਰੇ ਗਏ ਲੋਕਾਂ, ਲੋਕਾਂ ਦੀਆਂ ਫਸਲਾਂ, ਜਾਨਵਰਾਂ ,ਘਰਾਂ, ਆਦਿ ਦੇ ਹੋਏ ਨੁਕਸਾਨ ਦੀ ਤੁਰੰਤ ਪੂਰਤੀ ਕਰੇ ਨਹੀਂ ਤਾਂ ਜਨਤਕ ਜਥੇਬੰਦੀਆਂ ਤਿੱਖੇ ਸੰਘਰਸ ਲਈ ਮਜਬੂਰ ਹੋਣਗੀਆਂ। ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜਰ ਲੋਕਾਂ ਨੇ ਆਗੂਆਂ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਈ ਤੇ ਪਾਰਟੀ ਦੇ ਹਰੇਕ ਸੰਘਰਸ ਵਿੱਚ ਸਾਮਲ ਹੋਣ ਦਾ ਵਾਅਦਾ ਕੀਤਾ ਇਸ ਮੌਕੇ ਗੁਰਦੇਵ ਸਿੰਘ, ਸਰਬਜੀਤ ਕੌਰ, ਮਹਿੰਦਰ ਕੌਰ,ਬਾਗਾ ਸਿੰਘ,ਸੂਰਤ ਸਿੰਘ, ਪੱਲੇਦਾਰ ਸੁੱਖਾ ਸਿੰਘ, ਨਾਜਰ ਆਦਿ ਵੀ ਹਾਜਰ ਸਨ।

ਗੁਰੂ ਦੇ ਨਿਹੰਗ ਸਿੰਘ ਕਿਸੇ ਦਾ ਬੁਰਾ ਨਹੀਂ ਚਿਤਵਦੇ : ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਗੁਰੂ ਤੇਗ਼ ਬਹਾਦਰ ਗੁਰਦੁਆਰਾ ਅਤੇ ਗੁਰੂ ਨਾਨਕ ਗੁਰਦੁਆਰਾ ਲੈਸਟਰ ਵਿਖੇ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦੋਹਾਂ ਅਸਥਾਨਾਂ ਤੇ ਧਾਰਮਿਕ ਸਮਾਗਮ ਹੋਏ। ਜਿਸ ਵਿੱਚ ਨਿਹੰਗ ਸਿੰਘਾਂ ਦੀ ਮੁੱਖ ਜਥੇਬੰਦੀ ਬੁੱਢਾ ਦਲ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਤੋਂ ਇਲਾਵਾ ਹੋਰ ਧਾਰਮਿਕ ਸਖ਼ਸ਼ੀਅਤਾਂ ਨੇ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ।

ਗੁਰੂ ਤੇਗ਼ ਬਹਾਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਰਾਜਮਨਿੰਦਰ ਸਿੰਘ ਕੰਗ, ਜਨਰਲ ਸਕੱਤਰ ਸ. ਹਰਮਿੰਦਰ ਸਿੰਘ, ਗੁਰੂ ਨਾਨਕ ਗੁਰਦੁਆਰਾ ਲੈਸਟਰ ਦੇ ਪ੍ਰਧਾਨ ਸ. ਅਜਮੇਰ ਸਿੰਘ ਬਸਰਾ, ਜਨਰਲ ਸਕੱਤਰ ਸ. ਗੁਰਦੀਪ ਸਿੰਘ ਪਾਬਲਾ, ਉਪ ਪ੍ਰਧਾਨ ਸ. ਜੋਗਿੰਦਰ ਸਿੰਘ ਤੇ ਮੈਂਬਰ ਸ. ਸਰਵਣ ਸਿੰਘ ਚੱਠਾ, ਸ. ਅਜਾਇਬ ਸਿੰਘ, ਗਿਆਨੀ ਗੁਰਦਿਆਲ ਸਿੰਘ, ਸ. ਗੁਰਦੇਵ ਸਿੰਘ ਵੱਲੋਂ ਹੋਏ ਗੁਰਮਤਿ ਸਮਾਗਮਾਂ ਲਈ ਬਹੁਤ ਸੁੰਦਰ ਸਫਲਤਾ- ਪੂਰਵਕ ਪ੍ਰਬੰਧ ਕੀਤੇ ਗਏ ਸਨ।

ਨਿਹੰਗ ਸਿੰਘਾਂ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੈਸਟਰ ਦੇ ਗੁਰੂਘਰਾਂ ਦੇ ਪ੍ਰਬੰਧਕਾਂ ਵੱਲੋਂ ਬਹੁਤ ਹੀ ਸੁੰਦਰ ਤੇ ਪ੍ਰਸ਼ੰਸਾ ਜਨਕ ਪ੍ਰਬੰਧ ਕੀਤੇ ਗਏ ਹਨ ਜਿਸ ਤੋਂ ਮੈਂ ਪੂਰਨ ਤੌਰ 'ਤੇ ਪ੍ਰਭਾਵਤ ਹੋਇਆ ਹਾਂ। ਉਨ੍ਹਾਂ ਕਿਹਾ ਕਿ ਅਸਲ ਵਿੱਚ ਗੁਰੂ ਦੇ ਸੱਚੇ ਸੁੱਚੇ ਨਿਹੰਗ ਸਿੰਘ ਕਿਸੇ ਵਿਅਕਤੀ ਦਾ ਬੁਰਾ ਨਹੀਂ ਚਿਤਵਦੇ, ਇਹ ਰੱਬੀ ਬਾਣੀ ਤੇ ਬਾਣੇ ਦੇ ਧਾਰਨੀ ਹਨ। ਇਹ ਸ਼ਸਤਰ ਤੇ ਸ਼ਾਸਤਰ ਦੇ ਪੁਜਾਰੀ ਹਨ। ਅਨਿਆਏ ਵਿਰੁੱਧ ਡੱਟਣ ਤੇ ਇਨਸਾਫ ਤੇ ਪਹਿਰਾ ਦੇਣ ਵਾਲੇ ਸਿੰਘ ਸੂਰਮੇ ਹਨ। ਉਨ੍ਹਾਂ ਕਿਹਾ ਕਿ ਏਥੋਂ ਦੇ ਨੌਜਵਾਨ ਵਰਗ ਵਿੱਚ ਗੁਰਮਤਿ ਸਿਧਾਂਤ ਵਿੱਚ ਰਹਿ ਕੇ ਸ਼ਸਤਰਾਂ ਦਾ ਅਭਿਆਸ ਤੇ ਸ਼ਾਸਤਰ ਦਾ ਗਿਆਨ ਪ੍ਰਾਪਤ ਕਰਨ ਵਾਲੀ ਰੁੱਚੀ ਚੰਗੀ ਲਗੀ ਹੈ। ਭੁਸੰਗੀਆਂ ਨੂੰ ਦਸਤਾਰ, ਬਾਣੀ-ਬਾਣੇ ਦੀ ਸਿਖਲਾਈ ਪ੍ਰਸ਼ੰਸਾਜਨਕ ਹੈ ਉਨ੍ਹਾਂ ਗੁਰੂਘਰ ਦੇ ਪ੍ਰਬੰਧਕਾਂ ਨੂੰ ਹੋਲੇ ਮਹੱਲੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਦਾ ਸੱਦਾ ਦਿੱਤਾ। ਇਸ ਸਮੇਂ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਦਾ ਗੁਰੂ ਘਰਾਂ ਦੇ ਪ੍ਰਬੰਧਕਾਂ ਵੱਲੋਂ ਪੁਰਜ਼ੋਰ ਸੁਆਗਤ ਤੇ ਮਾਣ ਸਨਮਾਨ ਕੀਤਾ ਗਿਆ। ਇਸ ਤੋਂ ਪਹਿਲਾਂ ਜੁਝਾਰੂ ਸਿੱਖ ਆਗੂ ਸ. ਸੁਖਵਿੰਦਰ ਸਿੰਘ ਗਿੱਲ, ਸ. ਕੁਲਵਿੰਦਰ ਸਿੰਘ ਜੌਹਲ ਅਤੇ ਸ. ਅਜਮੇਰ ਸਿੰਘ ਬਸਰਾ ਦੇ ਸੱਦੇ ਤੇ ਉਨ੍ਹਾਂ ਦੇ ਗ੍ਰਹਿ ਵਿਖੇ ਗਏ ਜਿਥੇ ਉਨ੍ਹਾਂ ਦਾ ਫੁੱਲਾਂ ਦੇ ਹਾਰਾਂ ਅਤੇ ਖਾਲਸਾਈ ਜੈਕਾਰਿਆਂ ਨਾਲ ਦਾ ਸਵਾਗਤ ਕੀਤਾ ਗਿਆ।

ਨਿਹੰਗ ਸਿੰਘ ਜਥੇਬੰਦੀਆਂ ਦੇ ਤਾਲਮੇਲ ਸਕੱਤਰ ਤੇ ਮੁਖ ਗ੍ਰੰਥੀ ਬਾਬਾ ਰਣ ਸਿੰਘ ਨੇ ਬਾਬਾ ਬਲਬੀਰ ਸਿੰਘ ਨੂੰ ਜੀ ਆਇਆ ਕਿਹਾ।

ਪੰਥ ਪ੍ਰਸਿੱਧ ਢਾਡੀ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ ਤੇ ਪੰਥਕ ਵਿਦਵਾਨ ਗਿਆਨੀ ਭਗਵਾਨ ਸਿੰਘ ਜੌਹਲ ਨੇ ਵੀ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਸਮੇਂ ਬਾਬਾ ਹਰਜੀਤ ਸਿੰਘ ਮਹਿਤਾ ਚੌਕ ਖੰਡਾ ਖੜਕੇਗਾ ਦੇ ਰਾਗੀ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ ਬੁੱਢਾ ਦਲ ਅਮਰੀਕਾ ਤੇ ਹੋਰ ਸਥਾਨਕ ਨਿਹੰਗ ਸਿੰਘ ਵੱਡੀ ਗਿਣਤੀ ਵਿੱਚ ਬਾਬਾ ਜੀ ਦੇ ਨਾਲ ਸਨ।

ਰੱਖੜ ਪੁੰਨਿਆਂ ਦੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਈ ਟੀ ਓ ਵੱਲੋਂ ਮੀਟਿੰਗ

ਅੰਮ੍ਰਿਤਸਰ
(ਨਰਿੰਦਰਜੀਤ ਸਿੰਘ)

ਬਾਬਾ ਬਕਾਲਾ ਸਾਹਿਬ ਦੀ ਇਤਿਹਾਸਕ ਧਰਤੀ ਵਿਖੇ ਹਰ ਸਾਲ ਦੀ ਤਰ੍ਹਾਂ ਰੱਖੜ ਪੁੰਨਿਆ ਦੇ ਮੌਕੇ ਹੋਣ ਵਾਲੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈ ਟੀ ਓ ਨੇ ਵਿਧਾਇਕ ਸਾਹਿਬਾਨਾਂ, ਪਾਰਟੀ ਵਰਕਰਾਂ, ਅਹੁਦੇਦਾਰਾਂ, ਚੇਅਰਮੈਨਾਂ ਦੇ ਨਾਲ ਮੀਟਿੰਗ ਕੀਤੀ ਗਈ ਅਤੇ ਬਾਬਾ ਬਕਾਲਾ ਸਾਹਿਬ ਵਿਖੇ ਹੋਣ ਵਾਲੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜਾ ਲਿਆ।

ਉਨਾਂ ਦੱਸਿਆ ਕਿ ਰਾਜ ਪੱਧਰੀ ਸਮਾਗਮ 31 ਅਗਸਤ ਨੂੰ ਸਰਕਾਰੀ ਆਈ ਟੀ ਆਈ ਵਿੱਚ ਕਰਵਾਇਆ ਜਾਵੇਗਾ, ਜਿਸ ਵਿੱਚ ਮੁੱਖ ਮੰਤਰੀ ਸ ਭਗਵੰਤ ਮਾਨ ਵਿਸੇਸ ਤੌਰ ਉਤੇ ਸ਼ਿਰਕਤ ਕਰਨਗੇ।

ਉਨ੍ਹਾਂ ਤੋਂ ਇਲਾਵਾ ਕਈ ਕੈਬਨਿਟ ਮੰਤਰੀ ਅਤੇ ਵਿਧਾਇਕ ਸਾਹਿਬਾਨ ਵੀ ਸਮਾਗਮ ਵਿੱਚ ਹਾਜਰ ਹੋਣਗੇ। ਉਨਾਂ ਸਾਰੇ ਪ੍ਰਬੰਧ ਸਮੇਂ ਸਿਰ ਕਰਨ ਦੀ ਹਦਾਇਤ ਕਰਦੇ ਕਿਹਾ ਕਿ ਇਸ ਵਾਰ ਪ੍ਰਬੰਧ ਸੰਗਤ ਦੀ ਸੰਭਾਵੀ ਆਮਦ ਨੂੰ ਮੁੱਖ ਰੱਖ ਕੇ ਕੀਤੇ ਜਾਣ। ਉਨਾਂ ਇਸ ਮੌਕੇ ਮੇਲੇ ਲਈ ਆਉਣ ਵਾਲੀਆਂ ਸਾਰੀਆਂ ਸੰਪਰਕ ਸੜਕਾਂ ਦੀ ਮੁਰੰਮਤ ਕਰਨ, ਸੜਕਾਂ ਦੁਆਲਿਆਂ ਘਾਹ-ਬੂਟੀ ਵੱਢਣ, ਗਲੀਆਂ ਤੇ ਸੜਕਾਂ ਦੀ ਸਫਾਈ, ਵੱਖ-ਵੱਖ ਸੜਕਾਂ 'ਤੇ ਵੱਡੀਆਂ ਪਾਰਕਿੰਗ ਬਣਾਉਣ, ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ, ਡਾਕਟਰੀ ਸਹਾਇਤਾ ਲਈ ਟੀਮਾਂ ਤਾਇਨਾਤ ਕਰਨ, ਮੱਛਰ ਮਾਰ ਦਵਾਈ ਦੀ ਸਪਰੇਅ ਕਰਵਾਉਣ, ਨਿਰੰਤਰ ਬਿਜਲੀ ਸਪਲਾਈ ਚਾਲੂ ਰੱਖਣ ਅਤੇ ਮੇਲੇ ਮੌਕੇ ਵਹੀਕਲਾਂ ਦੀ ਆਵਾਜਾਈ ਨਿਯਮਤ ਕਰਨ ਲਈ ਪਾਰਟੀ ਵਰਕਰਾਂ ਨੂੰ ਅੱਗੇ ਹੋ ਕੇ ਸੇਵਾ ਕਰਨ ਲਈ ਕਿਹਾ।

ਉਨ੍ਹਾ ਕਿਹਾ ਕਿ ਮੇਲੇ ਮੌਕੇ ਸੰ

27-August-PAGE-7.qxd 8/26/2023 10:22 PM Page 1

ਮਸ਼ਾਲ ਮਾਰਚ ਦਾ ਭਰਵਾਂ ਸਵਾਗਤ

ਫਗਵਾੜਾ (ਡਾ. ਰਮਨ, ਢੱਡਾ)- ਪੰਜਾਬ ਸਰਕਾਰ ਵਲੋਂ ਕੌਮੀ ਖੇਡ ਦਿਵਸ ਮੌਕੇ 29 ਅਗਸਤ ਨੂੰ ਬਠਿੰਡਾ ਤੋਂ ਖੇਡਾਂ ਵਤਨ ਪੰਜਾਬ ਦੀਆਂ ਦੇ ਆਗਾਜ਼ ਤੋਂ ਪਹਿਲਾਂ ਵੱਖ-ਵੱਖ ਜ਼ਿਲ੍ਹਿਆਂ 'ਚ ਲੋਕਾਂ ਨੂੰ ਖੇਡ ਸੁਨੇਹਾ ਦੇਣ ਦੇ ਮਕਸਦ ਨਾਲ ਸ਼ੁਰੂ ਕੀਤਾ ਮਸ਼ਾਲ ਮਾਰਚ ਜ਼ਿਲ੍ਹਾ ਕਪੂਰਥਲਾ ਵਿਚ ਦਾਖਲ ਹੋਇਆ, ਜਿਸਦਾ ਕੌਮਾਂਤਰੀ, ਕੌਮੀ ਅਤੇ ਰਾਜ ਪੱਧਰੀ ਖਿਡਾਰੀਆਂ ਤੋਂ ਇਲਾਵਾ ਉੱਘੀਆਂ ਸ਼ਖਸੀਅਤਾਂ ਵਲੋਂ ਫਗਵਾੜਾ ਹਾਈਵੇਅ ਵਿਖੇ ਪੂਰੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਜਲੰਧਰ-ਫਗਵਾੜਾ ਮਾਰਗ 'ਤੇ ਕਪੂਰਥਲਾ ਜ਼ਿਲ੍ਹੇ ਦੀ ਹੱਦ ਦੀ ਸ਼ੁਰੂਆਤ ਵਿਚ ਮਸ਼ਾਲ ਮਾਰਚ ਪਹੁੰਚਣ 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਜੋਗਿੰਦਰ ਸਿੰਘ ਮਾਨ, ਜ਼ਿਲ੍ਹਾ ਖੇਡ ਅਫ਼ਸਰ ਲਵਜੀਤ ਸਿੰਘ, ਕੌਮਾਂਤਰੀ ਹਾਕੀ ਖਿਡਾਰੀ ਰਿਪੂਦਮਨ ਕੁਮਾਰ ਸਿੰਘ, ਅੰਤਰ ਰਾਸ਼ਟਰੀ ਕਬੱਡੀ ਅੰਪਾਇਰ ਪ੍ਰੋ. ਅਮਰੀਕ ਸਿੰਘ, ਕੈਨੇਡਾ ਵਿਖੇ ਹੋਈਆਂ ਵਰਲਡ ਪੁਲਸ ਗੇਮਜ਼ ਵਿਚ ਹਰਡਲਜ਼ ਰੇਸ 'ਚ ਸੋਨ ਤਮਗਾ ਜੇਤੂ ਸੰਦੀਪ ਸਿੰਘ ਤੋਂ ਇਲਾਵਾ ਨੌਜਵਾਨ ਖਿਡਾਰੀਆਂ ਨੇ ਖੇਡਾਂ ਵਤਨ ਪੰਜਾਬ ਦੀਆਂ ਦੀ ਮਸ਼ਾਲ ਨੂੰ ਪ੍ਰਾਪਤ ਕੀਤਾ। ਇਸ ਉਪਰੰਤ ਮਸ਼ਾਲ ਮਾਰਚ ਫਗਵਾੜਾ ਬੱਸ ਅੱਡੇ ਪਹੁੰਚਿਆ ਜਿੱਥੇ ਭਾਰੀ ਗਿਣਤੀ ਖਿਡਾਰੀਆਂ ਅਤੇ ਸ਼ਹਿਰ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ, ਜਿੱਥੋਂ ਇਹ ਮਾਰਚ ਪੈਦਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਖੇਡ ਮੈਦਾਨ ਵਿਚ ਪਹੁੰਚਿਆ। ਸਕੂਲ ਦੀ ਗਰਾਊਂਡ 'ਚ ਖਿਡਾਰੀਆਂ ਵਲੋਂ ਚੱਕਰ ਲਵਾਉਣ ਉਪਰੰਤ ਮਸ਼ਾਲ ਮਾਰਚ ਨੂੰ ਜ਼ਿਲ੍ਹਾ ਨਵਾਂ ਸ਼ਹਿਰ ਦੀ ਹੱਦ ਵਿਚ ਉੱਘੀਆਂ ਸ਼ਖਸੀਅਤਾਂ ਨੂੰ ਸੌਂਪਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਫੁੱਟਬਾਲ ਕੋਚ ਪਰਦੀਪ ਕੁਮਾਰ, ਨੈਸ਼ਨਲ ਗੋਲਡ ਮੈਡਲਿਸਟ ਵਿਪੁਲ ਕਾਲਾ, ਨੈਸ਼ਨਲ ਗੋਲਡ ਮੈਡਲਿਸਟ ਆਕਾਸ਼ਦੀਪ ਸਿੰਘ, ਸੰਗਮਦੀਪ ਸਿੰਘ, ਸਨਮਦੀਪ ਸਿੰਘ, ਅਥਲੈਟਿਕ ਕੋਚ ਗੁਰਪ੍ਰੀਤ ਸਿੰਘ, ਕਬੱਡੀ ਕੋਚ ਇੰਦਰਜੀਤ ਕੌਰ ਤੇ ਅਮਰਜੀਤ ਕੌਰ, ਬਾਸਕਟਬਾਲ ਕੋਚ ਸੁਨੀਤਾ ਦੇਵੀ, ਹਰਕਮਲ ਸਿੰਘ ਆਦਿ ਮੌਜੂਦ ਸਨ।

ਨਗਰ ਨਿਗਮ ਦੀ ਪ੍ਰਾਪਰਟੀ ਟੈਕਸ ਸ਼ਾਖਾ ਅੱਜ ਵੀ ਖੁੱਲ੍ਹੇਗੀ

ਕਪੂਰਥਲਾ (ਰਵਿੰਦਰ ਸਿੰਘ) ਨਗਰ ਨਿਗਮ ਦੇ ਕਮਿਸ਼ਨਰ ਅਨੁਪਮ ਕਲੇਰ ਨੇ ਦੱਸਿਆ ਕਿ ਨਿਗਮ ਦੀ ਪ੍ਰਾਪਰਟੀ ਟੈਕਸ ਸ਼ਾਖਾ ਹਰੇਕ ਸ਼ਨੀਵਾਰ ਅਤੇ ਐਤਵਾਰ ਨੂੰ ਵੀ ਆਮ ਦਿਨਾਂ ਵਾਂਗ ਖੁੱਲ੍ਹੀ ਰਹੇਗੀ ਤਾਂ ਜੋ ਲੋਕ ਆਪਣਾ ਬਣਦਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਸਕਣ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 30 ਸਤੰਬਰ ਤੋਂ ਪਹਿਲਾਂ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਕੇ ਪੰਜਾਬ ਸਰਕਾਰ ਵਲੋਂ ਦਿੱਤੀ ਜਾਣ ਵਾਲੀ 10 ਫੀਸਦੀ ਛੋਟ ਦਾ ਲਾਭ ਲੈਣ। ਉਨ੍ਹਾਂ ਕਿਹਾ ਕਿ ਲੋਕ ਆਪਣਾ ਪ੍ਰਾਪਰਟੀ ਟੈਕਸ ਨਿਗਮ ਦੀ ਟੈਕਸ ਸ਼ਾਖਾ ਵਿਖੇ ਹਫਤੇ ਦੇ ਸੱਤੇ ਦਿਨ ਜਮ੍ਹਾਂ ਕਰਵਾ ਸਕਦੇ ਹਨ।

ਸੜਕ 'ਤੇ ਦੌੜ ਰਹੇ ਹਨ ਬਿਨਾਂ ਨੰਬਰ ਪਲੇਟਾਂ ਤੋ ਟਿੱਪਰ,ਪ੍ਰਸ਼ਾਸਨ ਬੇਖਬਰ

ਗੜ੍ਹਸੰਕਰ (ਫੂਲਾ ਸਿੰਘ ਬੀਰਮਪੁਰ) ਇਹ ਇਲਾਕਾ ਨਜਾਇਜ਼ ਮਾਈਨੰਗ ਨਾਲ ਪਿੱਛਲੇ ਸਮੇਂ ਤੋਂ ਲਗਾਤਾਰ ਅਖਬਾਰਾਂ ਦੀਆਂ ਸੁਰਖੀਆਂ ਬਣਿਆ ਹੋਇਆ ਹੈ। ਆਏ ਦਿਨ ਗੜ੍ਹਸ਼ੰਕਰ-ਨੰਗਲ ਸੜਕ ਤੋਂ ਸ਼ਹਿਰ ਅੰਦਰੋਂ ਸੈਂਕੜੇ ਓਵਰਲੋਡ ਟਿੱਪਰ-ਟਰਾਲੀਆਂ ਬਿਨਾਂ ਖੌਫ ਲੰਘ ਰਹੇ ਹਨ ਜੋ ਬਿਨਾਂ ਨੰਬਰ ਪਲੇਟਾਂ ਤੋਂ ਹਨ। ਸਥਾਨਕ ਲੋਕਾਂ ਤੇ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਸ਼ਹਿਰ ਅੰਦਰੋਂ ਲਗਾਤਾਰ ਦਿਨ ਰਾਤ ਨਜਾਇਜ਼ ਓਵਰਲੋਡ ਟਿੱਪਰ ਲੰਘ ਰਹੇ ਹਨ ਜਦ ਕਿ ਪ੍ਰਸ਼ਾਸਨ ਵਲੋ ਇਹਨਾਂ ਖਿਲਾਫ ਕੋਈ ਠੋਸ ਕਾਰਵਾਈ ਨਹੀ ਕੀਤੀ ਜਾ ਰਹੀ। ਇਨ੍ਹਾਂ ਟਿੱਪਰਾਂ ਵਿੱਚੋ ਜਿਆਦਾਤਰ ਬਿਨਾਂ ਨੰਬਰੀ ਟਿੱਪਰ ਰਾਤ ਨੂੰ ਗੜ੍ਹਸ਼ੰਕਰ ਵਿੱਚੋ ਦੀ ਗੁਜਰਦੇ ਹਨ। ਇਨ੍ਹਾਂ ਓਵਰਲੋਡ ਟਿੱਪਰਾਂ ਨਾਲ ਇਸ ਇਲਾਕੇ ਅੰਦਰ ਕਈ ਜਾਨਲੇਵਾ ਹਾਦਸੇ ਵਾਪਰ ਚੁੱਕੇ ਹਨ। ਲੋਕਾ ਦੀ ਮੌਜੂਦਾ ਸਰਕਾਰ ਕੋਲੋ ਮੰਗ ਹੈ ਕਿ ਇਸ ਇਲਾਕੇ ਵਿੱਚ ਹੋ ਰਹੀ ਨਜਾਇਜ਼ ਮਾਇਨਿੰਗ 'ਤੇ ਸਖਤੀ ਨਾਲ ਨਕੇਲ ਕੱਸੀ ਜਾਵੇ ਤਾਂ ਜੋ ਇੱਥੋ ਦਾ ਕੁਦਰਤੀ ਵਾਤਾਵਰਣ ਬਚਾਇਆਂ ਜਾ ਸਕੇ।

ਦਰੱਖਤ 'ਚ ਮੋਟਰਸਾਈਕਲ ਵੱਜਣ ਨਾਲ ਨੌਜਵਾਨ ਦੀ ਮੌਤ

ਫਿਲੌਰ (ਨਿਰਮਲ) ਨਜਦੀਕੀ ਪਿੰਡ ਅਕਲਪੁਰ ਵਿਖੇ ਦਰੱਖਤ 'ਚ ਮੋਟਰਸਾਈਕਲ ਵੱਜਣ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ। ਏ ਐਸ ਆਈ ਜੈ ਗੋਪਾਲ ਨੇ ਦੱਸਿਆ ਕਿ ਬੀਤੀ ਰਾਤ ਮੀਂਹ ਅਤੇ ਤੇਜ ਹਨੇਰੀ ਚੱਲਣ ਨਾਲ ਪਿੰਡ ਅਕਲਪੁਰ ਨਜਦੀਕੀ ਦਰੱਖਤ ਡਿੱਗੇ ਹੋਏ ਸਨ ਕਿ ਇੱਕ ਨੌਜਵਾਨ ਜੋ ਮੋਟਰਸਾਈਕਲ 'ਤੇ ਜਾ ਰਿਹਾ ਸੀ ਕਿ ਉਸ ਦਰੱਖਤ ਵਿੱਚ ਜਾ ਵੱਜਾ ਜਿਸ ਦੀ ਮੌਕੇ 'ਤੇ ਮੌਤ ਹੋ ਗਈ। ਨੌਜਵਾਨ ਦੀ ਪਹਿਚਾਣ ਅਸ਼ੋਕ ਕੁਮਾਰ ਪੁੱਤਰ ਜੋਗਿੰਦਰ ਪਾਲ ਵਾਸੀ ਪਿੰਡ ਜਗਤਪੁਰਾ ਪੰਜਢੇਰਾ ਵੱਜੋਂ ਹੋਈ ਹੈ।

ਚੋਰੀ ਦੇ 2 ਮੋਟਰਸਾਈਕਲਾਂ ਸਮੇਤ ਕਾਬੂ

ਫਿਲੌਰ (ਨਿਰਮਲ) ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਿਮਰਨਜੀਤ ਸਿੰਘ ਲੰਗ ਪੀ.ਪੀ.ਐਸ ਉਪ ਪੁਲਸ ਕਪਤਾਨ, ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਉਹਨਾਂ ਵੱਲੋਂ ਮੁੱਖ ਅਫਸਰ ਥਾਣਾ ਫਿਲੌਰ ਨੂੰ ਦਿਸਾ ਨਿਰਦੇਸ ਦੇ ਕੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਚੋਰਾ ਦੇ ਖਿਲਾਫ ਸਖਤ ਐਕਸਨ ਅਮਲ ਵਿੱਚ ਲਿਆਉਣ ਦੀ ਹਦਾਇਤ ਕੀਤੀ ਗਈ ਸੀ ਜਿਸ 'ਤੇ ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਦੇ ਸਹਾਇਕ ਸਬ ਇੰਸਪੈਕਟਰ ਜਸਵਿੰਦਰ ਸਿੰਘ ਥਾਣਾ ਫਿਲੌਰ ਵੱਲੋਂ ਸਪੈਸ਼ਲ ਆਪ੍ਰੇਸ਼ਨ ਦੌਰਾਨ ਅਮਨਦੀਪ ਸਿੰਘ ਉਰਫ ਮੰਨਾ ਪੁੱਤਰ ਕੁਲਵਿੰਦਰ ਸਿੰਘ ਵਾਸੀ ਪਿੰਡ ਫਲਪੋਤਾ ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ ਨੂੰ ਗ੍ਰਿਫਤਾਰ ਕਰਕੇ ਉਸਦੇ ਕਬਜੇ ਵਿੱਚੋਂ ਮੋਟਰਸਾਈਕਲ ਨੰਬਰੀ ਪੀਬੀ-08-ਬੀ ਜੈਡ-7870 ਮਾਰਕਾ ਬਜਾਜ ਪਲੈਟੀਨਾ ਅਤੇ ਮੋਟਰਸਾਈਕਲ ਨੰਬਰੀ ਪੀ ਬੀ-37-ਈ-5671 ਮਾਰਕਾ ਬਜਾਜ ਪਲੈਟੀਨਾ ਬਰਾਮਦ ਕਰਕੇ ਦੋਸ਼ੀ ਦੇ ਖਿਲਾਫ ਮੁਕੱਦਮਾ ਨੰਬਰ 227 ਜੁਰਮ 379/411 ਭ:ਦ: ਥਾਣਾ ਫਿਲੌਰ ਦਰਜ ਕੀਤਾ ਗਿਆ ਮੁਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਅਮਨਦੀਪ ਸਿੰਘ ਉਰਫ ਮੰਨਾ ਪੁੱਤਰ ਕੁਲਵਿੰਦਰ ਸਿੰਘ ਵਾਸੀ ਪਿੰਡ ਫਲਪੋਤਾ ਥਾਣਾ ਗੁਰਾਇਆ ਦੇ ਖਿਲਾਫ ਪਹਿਲਾਂ ਵੀ ਮੋਟਰਸਾਈਕਲ ਚੋਰੀ ਕਰਨ ਅਤੇ ਹੋਰ ਚੋਰੀ ਦੀਆਂ ਵਾਰਦਾਤਾਂ ਕਰਨ ਸਬੰਧੀ ਕਾਫੀ ਮੁਕੱਦਮੇ ਦਰਜ ਹਨ।

ਹਰਸਾ ਬੇਲਾ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਹਰਜੋਤ ਬੈਂਸ ਨੇ ਦੌਰਾ ਕੀਤਾ

ਨੰਗਲ (ਸੁਰਜੀਤ ਸਿੰਘ)-ਸਤਲੁਜ ਦਰਿਆ ਵਿਚ ਪਾਣੀ ਦੇ ਤੇਜ ਵਹਾਅ ਕਰਕੇ ਨੰਗਲ ਦੇ ਪਿੰਡ ਹਰਸਾ ਬੇਲਾ ਵਿਖੇ ਹੋਏ ਨੁਕਸਾਨ ਦਾ ਜਾਇਜਾ ਲੈਣ ਲਈ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ, ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਤੇ ਐੱਸ. ਡੀ. ਐੱਮ ਨੰਗਲ ਅਨਮਜੋਤ ਕੌਰ ਹਾਜਰ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਾਣੀ ਦੇ ਤੇਜ ਵਹਾਅ ਕਾਰਨ ਕੰਢੀ ਖੇਤਰ ਦੇ ਪਾਸ ਕਾਫੀ ਖਾਰ ਪੈ ਚੁੱਕੀ ਹੈ, ਜਿਸ ਨਾਲ ਪਿੰਡ ਨਾਲੋਂ ਆਉਣ ਜਾਣ ਦਾ ਰਸਤਾ ਬਿਲਕੁੱਲ ਟੁੱਟ ਚੁੱਕਾ ਹੈ ਅਤੇ ਨਾਲ ਹੀ ਕੁਝ ਘਰ ਕਾਫੀ ਜਿਆਦਾ ਨੁਕਸਾਨੇ ਗਏ ਅਤੇ ਪਿੰਡ 'ਚ ਮੋਜੂਦ ਗੁਰਦੁਆਰਾ ਸਾਹਿਬ ਨੂੰ ਸੁਰੱਖਿਆ ਵਜੋਂ ਖਾਲੀ ਕਰਵਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੌਕੇ ਤੇ ਐਨ.ਡੀ.ਆਰ.ਐੱਫ ਦੀਆਂ ਟੀਮਾਂ ਬੁਲਾ ਲਈਆਂ ਗਈਆਂ ਹਨ ਪੀੜ੍ਹਤਾਂ ਲਈ ਹਰ ਲੋੜੀਂਦੀ ਵਸਤੂ ਉਪਲੱਬਧ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰ ਦਿੱਤੀ ਗਈ ਹੈ,ਉਹ ਜਲਦ ਤੋਂ ਜਲਦ ਪਿੰਡ ਲਈ ਰਸਤਾ ਖੋਲਣ ਲਈ ਕਾਰਜ ਆਰੰਭ ਕਰ ਦੇਣ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨਿਰੰਤਰ ਪ੍ਰਭਾਵਿਤ ਖੇਤਰਾਂ ਦੀ ਮੋਨੀਟਰਿੰਗ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਮਾਲ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਮੌਕੇ ਦੇ ਹਾਲਾਤਾਂ ਦੀ ਸਮੀਖਿਆ ਕਰਵਾ ਕੇ ਹਦਾਇਤਾਂ ਕੀਤੀਆਂ। ਉਨ੍ਹਾਂ ਪਿੰਡ ਵਾਸੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਜਾਣਿਆ ਅਤੇ ਉਨ੍ਹਾਂ ਨੂੰ ਪ੍ਰਸ਼ਾਸਨ ਵਲੋਂ ਹਰ ਸੰਭਵ ਮੱਦਦ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਇਸ ਹੜ੍ਹ ਕਾਰਨ ਹੋਏ ਨੁਕਸਾਨ ਨੂੰ ਜਲਦ ਤੋਂ ਜਲਦ ਪੂਰਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਇਸ ਮੌਕੇ ਅਨਮਜੋਤ ਕੌਰ ਐਸ.ਡੀ.ਐਮ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਅਮਰਦੀਪ ਗੁਜਰਾਲ, ਤਹਿਸੀਲਦਾਰ ਸੰਦੀਪ ਕੁਮਾਰ, ਬੀ.ਡੀ.ਪੀ.ਓ ਈਸ਼ਾਨ ਚੌਧਰੀ, ਮਾਈਨਿੰਗ, ਲੋਕ ਨਿਰਮਾਣ ਵਿਭਾਗ, ਡਰੇਨੇਜ ਦੇ ਅਧਿਕਾਰੀਆਂ ਤੋਂ ਇਲਾਵਾ ਡਾ.ਸੰਜੀਵ ਗੌਤਮ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਜਸਪ੍ਰੀਤ ਜੇ.ਪੀ, ਜਸਪਾਲ ਸਿੰਘ ਢਾਹੇ, ਦਲਜੀਤ ਸਿੰਘ ਕਾਕਾ ਨਾਨਗਰਾ, ਪਰਮਿੰਦਰ ਸਿੰਘ ਟੋਨੀ, ਰਾਜਪਾਲ ਸਿੰਘ, ਗਗਨਦੀਪ ਸਿੰਘ, ਦਰਸ਼ਨ ਸਿੰਘ, ਸੁਰਜੀਤ ਸਿੰਘ, ਹਰਜਾਪ ਸਿੰਘ ਹਾਜ਼ਰ ਸਨ।

ਮਨੋਜ ਫਗਵਾੜਵੀ ਨੂੰ ਸੰਯੁਕਤ ਦਫਤਰ ਸਕੱਤਰ ਲਗਾਇਆ

ਫਗਵਾੜਾ (ਕਮਲ ਰਾਏ) ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿਸਟਰਡ ਵੱਲੋਂ ਪ੍ਰੋ. ਸੰਧੂ ਵਰਿਆਣਵੀ, ਮੁੱਖ ਸਕੱਤਰ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ 'ਕੇਂਦਰੀ ਸਭਾ ਦੇ ਸਾਰੇ ਕੰਮ ਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰਧਾਨ ਪਵਨ ਹਰਚੰਦ ਪੁਰੀ ਦੀ ਆਗਿਆ ਨਾਲ ਉੱਘੇ ਗਜਲਗੋ ਮਨੋਜ ਫਗਵਾੜਵੀ ਨੂੰ ਕੇਂਦਰੀ ਸਭਾ ਦਾ ਕਾਰਜਕਾਰੀ ਮੈਂਬਰ ਅਤੇ ਸਭਾ ਦਾ ਸੰਯੁਕਤ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਅਮਰਜੀਤ ਸਿੰਘ 'ਅਮਨ' ਨੂੰ ਵੀ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਮਾਸਟਰ ਤਰਲੋਚਨ ਦੀ ਸੜਕ ਹਾਦਸੇ 'ਚ ਹੋਈ ਮੌਤ ਕਾਰਨ ਮੋਹੀ ਅਮਰਜੀਤ (ਜਗਰਾਓਂ) ਨੂੰ ਨਾਟਕ ਅਤੇ ਰੰਗਾ-ਮੰਚ ਸਕੂਲ ਕਮੇਟੀ ਦਾ ਮੁਖੀ ਲਗਾਇਆ ਹੈ। ਉਹਨਾਂ ਨੇ ਅੱਗੇ ਦੱਸਿਆ ਕਿ ਛੇਤੀ ਹੀ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਵਿਰਾਸਤ ਨਾਲ ਜੁੜੇ ਮਸਲਿਆਂ ਸਬੰਧੀ ਮੰਗ ਪੱਤਰ, ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਚੰਡੀਗੜ੍ਹ ਵਿਖੇ ਜਾ ਕੇ ਸੌਂਪਿਆ ਜਾਵੇਗਾ। ਫਗਵਾੜਾ ਟਾਊਨ ਹਾਲ ਵਿਖੇ ਗੁਰੂ ਨਾਨਕ ਲਾਇਬਰੇਰੀ ਅਤੇ ਪਟਿਆਲਾ ਵਿਖੇ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਯਾਦਗਾਰੀ ਲਾਇਬਰੇਰੀਆਂ ਜੋ ਲਾਇਬਰੇਰੀਅਨਾਂ ਦੀ ਸੇਵਾ-ਮੁਕਤੀ ਤੋਂ ਬਾਅਦ ਬੰਦ ਪਈਆਂ ਹਨ, ਉਨ੍ਹਾਂ ਨੂੰ ਦੁਬਾਰਾ ਪਾਠਕਾਂ ਦੀ ਸਹੂਲਤ ਲਈ ਖੁੱਲਵਾਉਣ ਲਈ ਸੰਬੰਧਿਤ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ ਜਾਣਗੇ, ਤਾਂ ਜੋ ਇਨ੍ਹਾਂ ਲਾਇਬਰੇਰੀਆਂ ਅੰਦਰ ਬੰਦ ਦੁਰਲੱਭ ਪੁਸਤਕਾਂ ਦਾ ਲਾਭ ਪਾਠਕਾਂ ਨੂੰ ਮਿਲ ਸਕੇ।

ਮੁੱਖ ਮੰਤਰੀ ਨੇ ਬੀ ਪੀ ਐੱਲ ਕਾਰਡਾਂ ਦੀ ਗਲਤ ਵੰਡ ਦਾ ਕੀਤਾ ਖੁਲਾਸਾ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ 2011 ਵਿਚ ਕਾਂਗਰਸ ਸ਼ਾਸਨ ਦੌਰਾਨ ਗਰੀਬੀ ਰੇਖਾ ਤੋਂ ਹੇਠਾਂ (ਬੀਪੀਏਲ) ਕਾਰਡ ਜਾਰੀ ਕਰਨ ਵਿਚ ਅਨਿਯਮਤਤਾਵਾਂ ਨੂੰ ਉਜਾਗਰ ਕਰਦੇ ਹੋਏ ਖੁਲਾਸਾ ਕੀਤਾ ਕਿ ਕਾਂਗਰਸ ਸ਼ਾਸਨ ਦੌਰਾਨ ਮਹਿੰਗੇ ਆਵਾਸਾਂ ਵਿਚ ਰਹਿਣ ਵਾਲੇ ਵਿਅਕਤੀਆਂ ਨੂੰ ਗਲਤ ਢੰਗ ਨਾਲ ਬੀਪੀਏਲ ਕਾਰਡ ਵੰਡੇ ਗਏ ਸਨ। ਅਜਿਹੇ ਲਗਭਗ 50 ਲੋਕਾਂ ਦੇ ਨਾਂਅ ਉਸ ਸਮੇਂ ਅਖਬਾਰਾਂ ਵਿਚ ਛਪੇ ਸਨ। ਮੁੱਖ ਮੰਤਰੀ ਹਰਿਆਣਾ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਵਿਰੋਧੀ ਧਿਰ ਦੇ ਕੁੱਝ ਮੈਂਬਰਾਂ ਵੱਲੋਂ ਚੁੱਕੇ ਗਏ ਪਰਵਾਰ ਪਹਿਚਾਣ ਪੱਤਰ ਨਾਲ ਸਬੰਧਿਤ ਮੁੱਦੇ ਦਾ ਜਵਾਬ ਦੇ ਰਹੇ ਸਨ। ਮੁੱਖ ਮੰਤਰੀ ਨੇ ਜਨ ਹਿੱਤ ਤੇ ਯੋਗ ਲਾਭਕਾਰਾਂ ਨੂੰ ਲਾਭ ਦੇਣ ਲਈ ਮੌਜੂਦਾ ਸੂਬਾ ਸਰਕਾਰ ਵੱਲੋਂ ਚੁੱਕੇ ਗਏ ਸੁਧਾਰਾਤਮਕ ਉਪਾਆਂ ਦੀ ਵੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦਸਿਆ ਕਿ ਮੌਜੂਦਾ ਸੂਬਾ ਸਰਕਾਰ ਦੇ ਕਾਰਜਕਾਲ ਵਿਚ ਪਰਿਵਾਰ ਪਹਿਚਾਣ ਪੱਤਰ ਦੇ ਡੇਟਾ ਰਾਹੀਂ ਜਨਵਰੀ, 2023 ਮਹੀਨੇ ਦੌਰਾਨ ਸਾਢੇ 12 ਲੱਖ ਨਵੇਂ ਰਾਸ਼ਨ ਕਾਰਡ ਬਣਾਏ ਗਏ ਹਨ। ਜੇਕਰ ਕੋਈ ਵਿਅਕਤੀ ਗਲਤ ਢੰਗ ਨਾਲ ਲਾਭ ਲੈ ਰਿਹਾ ਹੈ, ਤਾਂ ਉਨ੍ਹਾਂ ਦਾ ਨਾਂਅ ਕੱਟਣ ਦਾ ਵੀ ਪ੍ਰਾਵਧਾਨ ਸਰਕਾਰ ਨੇ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਐਕਟ ਦੇ ਬਾਅਦ ਨਿਯਮ ਬਨਾਉਣਾ ਪ੍ਰਸ਼ਾਸ਼ਕੀ ਤੇ ਵਿਧਾਨਕ ਕੰਮ ਹੈ।

ਸੰਤ ਮਨੋਹਰ ਲਾਲ ਦੀ ਬਰਸੀ ਮਨਾਈ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) -ਪਿੰਡ ਸਿੱਧਮ ਮੁਤਸਦੀ ਵਿਖੇ ਸੰਤ ਮਾਸਟਰ ਮ

27-August-PAGE-8.qxd 8/26/2023 10:22 PM Page 1

ਕਾਲੀ ਵੇਈਂ ਨੇੜਲੇ ਇਲਾਕਿਆਂ 'ਚ ਫਿਰ ਹੜ੍ਹ ਵਰਗੇ ਹਾਲਾਤ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਜਿੱਥੇ ਇਕ ਪਾਸੇ ਮੁੜ ਹਿਮਾਚਲ ਪ੍ਰਦੇਸ਼ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ, ਉੱਥੇ ਹੀ, ਪੰਜਾਬ ਵਿੱਚ ਵੀ ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਵੱਧ ਜਾਣ ਕਾਰਨ ਕਾਲੀ ਵੇਈਂ ਨਦੀ ਦੇ ਕੰਢੇ ਪਿੰਡ ਬੂਸੋਵਾਲ ਦੇ ਨਜਦੀਕ ਲੱਗਦੇ ਡੇਰਾ ਸੈਕਟਰੀਆ ਅਤੇ ਹੋਰ ਨੇੜਲੇ ਇਲਾਕਿਆਂ ਵਿੱਚ ਹੜ੍ਹ ਵਰਗੇ ਹਾਲਾਤ ਬਣ ਗਏ ਹਨ। ਅਜਿਹੇ ਵਿੱਚ ਕਾਲੀ ਵੇਈਂ ਨਦੀ ਦੇ ਨੇੜੇ ਰਹਿੰਦੇ ਲੋਕ ਪ੍ਰਸ਼ਾਸਨ ਜਾਂ ਸਰਕਾਰ ਦੇ ਕਿਸੇ ਨੁਮਾਇੰਦੇ ਦੀ ਉਡੀਕ ਕਰ ਰਹੇ ਹਨ। ਪਰ, ਅਸਲ ਵਿੱਚ ਉਨ੍ਹਾਂ ਕੋਈ ਵੀ ਹਾਲ-ਚਾਲ ਪੁੱਛਣ ਤੱਕ ਲਈ ਨਹੀਂ ਪਹੁੰਚਿਆ ਹੈ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਲੋਕਾਂ ਨੇ ਸਰਕਾਰ ਨਾਲ ਨਾਰਾਜਗੀ ਜਾਹਿਰ ਕੀਤੀ ਹੈ। ਉਹਨਾਂ ਕਿਹਾ ਕਿ ਤਕਰੀਬਨ 10 ਜੁਲਾਈ ਤੋਂ ਸਾਡੇ ਖੇਤਾਂ ਵਿੱਚ ਪਾਣੀ ਭਰਿਆ ਹੋਇਆ ਹੈ ਅਤੇ ਸਾਡੇ ਪਸ਼ੂਆਂ ਵਾਸਤੇ ਚਾਰਾਂ ਵੀ ਨਹੀਂ ਹੈ। ਅਸੀਂ ਪਿਛਲੇ ਦੋ ਮਹੀਨਿਆਂ ਤੋਂ ਘਰਾਂ ਤੋਂ ਬੇਘਰ ਹੋਏ ਪਏ ਹਾਂ ਪਰ ਸਾਡੀ ਕਿਸੇ ਨੇ ਕੋਈ ਸਾਰ ਨਹੀਂ ਲਈ। ਉਹਨਾਂ ਸਰਕਾਰ ਅਤੇ ਪ੍ਰਸ਼ਾਸਨ ਖਿਲਾਫ ਨਾਅਰੇਬਾਜੀ ਵੀ ਕੀਤੀ। ਉਹਨਾਂ ਕਿਹਾ ਕਿ ਸਾਡੇ ਇਲਾਕੇ ਜਿਸ ਤਰ੍ਹਾਂ ਹੜ੍ਹ ਦੀ ਲਪੇਟ 'ਚ ਹਨ ਅਤੇ ਪਿਛਲੇ ਕਰੀਬ ਦੋ ਮਹੀਨਿਆਂ ਦਾ ਸਮਾਂ ਇਨ੍ਹਾਂ ਇਲਾਕਿਆਂ ਦੇ ਲੋਕਾਂ ਨੇ ਬੇਹੱਦ ਮੁਸ਼ਕਿਲ ਭਰਿਆ ਕੱਟਿਆ ਹੈ ਅਤੇ ਹੁਣ ਵੀ ਉਨ੍ਹਾਂ ਦੀ ਮੁਸ਼ਕਿਲਾਂ ਘੱਟ ਨਹੀਂ ਹੋਈਆਂ ਹਨ। ਤਕਰੀਬਨ 1000 ਏਕੜ 'ਚ ਅਜੇ ਵੀ ਹੜ੍ਹ ਦਾ ਪਾਣੀ ਹੈ , ਜਦਕਿ ਜਿੱਥੇ ਪਾਣੀ ਨਿਕਲ ਚੁੱਕਾ ਹੈ, ਉਥੇ ਲੋਕਾਂ ਨੂੰ ਹੋਰ ਸਮੱਸਿਆਵਾਂ ਨਾਲ ਦੋ-ਦੋ ਹੱਥ ਕਰਨੇ ਪੈ ਰਹੇ ਹਨ। ਦੋ ਵਾਰ ਝੋਨੇ ਦੀ ਫਸਲ ਬੀਜੀ ਸੀ ਫਿਰ ਮਰ ਗਈ। ਉਹਨਾਂ ਕਿਹਾ ਕਿ ਸੁਲਤਾਨਪੁਰ ਲੋਧੀ ਬਲਾਕ ਦਾ ਅੱਜ ਵੀ ਇਕ ਬਹੁਤ ਵੱਡਾ ਹਿੱਸਾ ਹੜ੍ਹ ਕਾਰਨ ਪ੍ਰਭਾਵਿਤ ਰਿਹਾ। ਨਾ ਕੋਈ ਅਧਿਕਾਰੀ ਨਾ ਸਰਕਾਰ ਅਤੇ ਨਾ ਹੀ ਕੋਈ ਬਾਬਾ ਕਾਰ ਸੇਵਾ ਵਾਲਾ ਇਸ ਮੁਸੀਬਤ ਦੀ ਘੜੀ 'ਚ ਲੋਕਾਂ ਦੀ ਸਹਾਇਤਾ ਲਈ ਸਾਡੇ ਕੋਲ ਨਹੀਂ ਪੁੱਜੇ। ਉਹਨਾਂ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਕਾਲੀ ਵੇਈਂ ਨਦੀ ਦੇ ਕੰਢੇ ਆਰਜੀ ਬੰਨ੍ਹ ਲਗਾਇਆ ਜਾਵੇ ਤਾਂ ਜੋ ਅੱਗੇ ਤੋਂ ਅਜਿਹਾ ਨਾ ਹੋਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਹਣ ਸਿੰਘ ਸੈਕਟਰੀ, ਜਸਵਿੰਦਰ ਸਿੰਘ ਮੈਂਬਰ ਪੰਚਾਇਤ, ਲਖਵਿੰਦਰ ਸਿੰਘ,ਜੋਗਾ ਸਿੰਘ, ਤਰਸੇਮ ਸਿੰਘ, ਬਲਵਿੰਦਰ ਸਿੰਘ ਬਿਧੀਪੁਰੀਏ, ਗੁਰਦੀਪ ਸਿੰਘ ਪੰਡੋਰੀ ਵਾਲੇ, ਬਲਵਿੰਦਰ ਸਿੰਘ ਥਿੰਦ, ਨਿਰਮਲ ਸਿੰਘ, ਜਸਵਿੰਦਰ ਸਿੰਘ ਖਿੰਡਾਂ, ਜਸਵੀਰ ਸਿੰਘ, ਸੁਖਵਿੰਦਰ ਸਿੰਘ ਖਿੰਡਾਂ, ਅਮਰਜੀਤ ਸਿੰਘ, ਬਲਦੇਵ ਸਿੰਘ, ਪਰਮਜੀਤ ਸਿੰਘ, ਬਲਵਿੰਦਰ ਸਿੰਘ ਖਿੰਡਾਂ, ਬਲਜੀਤ ਸਿੰਘ ਆਦਿ ਹਾਜਰ ਸਨ।

ਮਾਰਕਫੈੱਡ ਦੀਆਂ ਵਸਤਾਂ ਦਾ ਦੂਜਾ ਸੇਲ ਸੈਂਟਰ ਖੋਲ੍ਹਿਆ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਅਨਾਜ ਮੰਡੀ ਸ੍ਰੀ ਚਮਕੌਰ ਸਾਹਿਬ ਵਿੱਚ ਮੰਡੀਕਰਨ ਸਭਾ ਮੋਰਿੰਡਾ ਨੇ ਮਾਰਕਫੈਡ ਦੀਆਂ ਵਸਤਾਂ ਦਾ ਦੂਜਾ ਸੇਲ ਸੈਂਟਰ ਖੋਲਿਆ, ਜਿਸ ਦਾ ਉਦਘਾਟਨ ਕਮਲਜੀਤ ਸਿੰਘ ਮਾਂਗਟ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਸ੍ਰੀ ਚਮਕੌਰ ਸਾਹਿਬ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਰੋਹਿਤ ਸੂਰੀ ਸਹਾਇਕ ਆਡੀਟਰ ਖੰਡ ਮਿਲ ਮੋਰਿੰਡਾ ਵੀ ਹਾਜ਼ਰ ਸਨ। ਇਸ ਮੌਕੇ ਸ੍ਰੀ ਮਾਂਗਟ ਨੇ ਮਾਰਕਫੈਡ ਦੀਆਂ ਵਸਤਾਂ ਦੀ ਗੁਣਵਤਾ ਅਤੇ ਵਾਜਿਬ ਭਾਅ ਬਾਰੇ ਜਾਣੂ ਕਰਵਾਇਆ। ਸੇਲ ਸੈਂਟਰ ਦੇ ਇੰਚਾਰਜ ਸਰਬਜੀਤ ਸਿੰਘ ਬਿੱਟੂ ਨੇ ਦੱਸਿਆ ਕਿ ਇਲਾਕੇ ਦੇ ਲੋਕਾਂ ਦੀ ਮੰਗ ਤੇ ਹੀ ਇਸ ਵਿਕਰੀ ਕੇਂਦਰ ਨੂੰ ਖੋਲਿਆ ਗਿਆ ਹੈ, ਜਿਥੇ ਉੱਚ ਗੁਣਵਤਾ ਵਾਲੇ ਖਾਣ ਪਦਾਰਥ ਸਮੇਤ ਵੱਡੀ ਗਿਣਤੀ ਵਿਚ ਵਸਤਾਂ ਉਪਲਬਧ ਹਨ। ਇਸ ਮੌਕੇ ਸ੍ਰੀ ਰਾਹੁਲ ਪ੍ਰਭਾਕਰ, ਅਸੀਸ਼ ਧੋਲ ਇੰਸਪੈਕਟਰ ਜਨਰਲ ਲਾਈਨ

ਸਹਿਕਾਰੀ ਸਭਾਵਾਂ, ਗਿਆਨ ਸਿੰਘ ਬੇਲਾ ਅਤੇ ਰਾਣਾ ਹਰਿਦਰ ਸਿੰਘ ਸੋਢੀ ਡਾਇਰੈਕਟਰ ਮਾਰਕਫੈਡ ਪੰਜਾਬ, ਸੁਮੀਤ ਢੀਂਗਰਾਂ ਆਡਿਟ ਇੰਸਪੈਕਟਰ, ਜਸਵੀਰ ਸਿੰਘ ਜਟਾਣਾ ਪ੍ਰਧਾਨ ਸਹਿਕਾਰੀ ਸਭਾ ਜਟਾਣਾ, ਹਰਸ਼ਰਨ ਸਿੰਘ ਕੰਧੋਲਾ ਪ੍ਰਧਾਨ ਸਹਿਕਾਰੀ ਸਭਾ ਸੰਧੂਆਂ, ਮਨਜੀਤ ਸਿੰਘ ਕੰਗ, ਜਰਨੈਲ ਸਿੰਘ ਮੰਡੇਰ, ਕੇਹਰ ਸਿੰਘ ਦੁੱਗਰੀ, ਨਾਇਬ ਸਿੰਘ ਓਇੰਦ, ਤਰਲੋਚਨ ਸਿੰਘ ਭੰਗ ਸਾਬਕਾ ਵਾਇਸ ਚੇਅਰਮੈਨ ਸਮੇਤ ਇਲਾਕੇ ਦੇ ਪਤਵੰਤੇ ਵੀ ਹਾਜਰ ਸਨ।

ਐੱਸ ਸੀ, ਬੀ ਸੀ ਅਧਿਆਪਕ ਯੂਨੀਅਨ ਨੇ ਡੀ ਪੀ ਆਈ ਨਾਲ ਕੀਤੀਆਂ ਅਹਿਮ ਵਿਚਾਰਾਂ

ਡੀ ਪੀ ਆਈ (ਸੀਨੀਅਰ ਸੈਕੰਡਰੀ) ਸੰਜੀਵ ਸਰਮਾ ਨਾਲ ਮੀਟਿੰਗ ਦੌਰਾਨ ਗੱਲਬਾਤ ਕਰਦੇ ਹੋਏ ਐਸ. ਸੀ. ਬੀ. ਸੀ. ਅਧਿਆਪਕ ਯੂਨੀਅਨ ਦੇ ਆਗੂ ।

ਸ਼ਾਹਕੋਟ (ਗਿਆਨ ਸੈਦਪੁਰੀ) ਐਸ ਸੀ ਬੀ ਸੀ ਅਧਿਆਪਕ ਯੂਨੀਅਨ ਪੰਜਾਬ ਵਲੋਂ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ ਦੀ ਅਗਵਾਈ ਹੇਠ ਡੀ ਪੀ ਆਈ (ਸੀਨੀਅਰ ਸੈਕਡਰੀ) ਸੰਜੀਵ ਸ਼ਰਮਾ ਨਾਲ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ ਜੱਥੇਬੰਦੀ ਦੇ ਆਗੂਆਂ ਜਿਨ੍ਹਾਂ ਵਿੱਚ ਕਾਰਜਕਾਰੀ ਪ੍ਰਧਾਨ ਕ੍ਰਿਸਨ ਸਿੰਘ ਦੁੱਗਾ, ਜਨਰਲ ਸਕੱਤਰ ਲਛਮਣ ਸਿੰਘ ਨਥੀਪੁਰ, ਸੀਨੀਅਰ ਮੀਤ ਪ੍ਰਧਾਨ ਹਰਬੰਸ ਲਾਲ ਪਰਜੀਆਂ, ਮੀਤ ਪ੍ਰਧਾਨ ਪਰਵਿੰਦਰ ਭਾਰਤੀ ਅਤੇ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਵਲੋਂ ਦਿੱਤੇ ਗਏ ਏਜੰਡੇ 'ਤੇ ਤੱਥਾਂ ਦੇ ਆਧਾਰਿਤ ਗੱਲਬਾਤ ਕੀਤੀ ਗਈ। ਏਜੰਡੇ ਅਨੁਸਾਰ ਵਿਦਿਆਰਥੀਆਂ ਲਈ ਪੁਸਤਕਾਂ ਦਾ ਪ੍ਰਬੰਧ ਸੈਸ਼ਨ ਦੇ ਸ਼ੁਰੂ ਵਿੱਚ ਕਰਨ , ਸਕਾਲਰਸ਼ਿਪ ਦੀ ਪ੍ਰਕਿਰਿਆ ਸਰਲ ਬਣਾਉਣ ਤੇ ਵਜੀਫੇ ਦੀ ਦਰ ਵਧਾਉਣ, ਸਕੂਲਾਂ ਵਿੱਚ ਦਰਜਾ 4 ਦੀਆਂ ਅਸਾਮੀਆਂ ਰੈਗੂਲਰ ਤੌਰ 'ਤੇ ਭਰਨ, ਪਾਰਟ ਟਾਈਮ ਸਵੀਪਰਾਂ ਨੂੰ ਰੈਗੂਲਰ ਕਰਨ, ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਕਰਨ, ਮਿਡਲ ਸਕੂਲਾਂ 'ਚ ਛੇ ਪੋਸਟਾਂ ਬਹਾਲ ਕਰਨ, ਪੀ ਟੀ ਆਈ ਅਧਿਆਪਕਾਂ ਦੀਆਂ 228 ਅਸਾਮੀਆਂ ਨੂੰ ਵਾਪਿਸ ਸਕੂਲਾਂ ਵਿੱਚ ਸ਼ਿਫਟ ਕਰਨ, ਸੈਕੰਡਰੀ ਸਕੂਲਾਂ ਵਿੱਚ ਲੈਕਚਰਾਰ ਦੀਆਂ ਪੰਜ ਪੋਸਟਾਂ ਬਹਾਲ ਕਰਨ, 54 ਪੀਰੀਅਡ ਵਾਲੀ ਸਮਾਂ ਸਾਰਨੀ ਲਾਗੂ ਕਰਨ, ਸਾਰੇ ਕੇਡਰਾਂ ਵਿੱਚ ਬੈਕਲਾਗ ਪਹਿਲ ਦੇ ਅਧਾਰ 'ਤੇ ਭਰਨ , 8886 ਐਸ ਐਸ ਏ ਰੈਗੂਲਰ ਹੋਏ ਅਧਿਆਪਕਾਂ ਦੀ ਸੀਨੀਆਰਤਾ ਕਲਿੱਕ ਅਨੁਸਾਰ ਨਾ ਬਣਾ ਕੇ ਮੈਰਿਟ ਅਨੁਸਾਰ ਬਣਾਉਣ, ਸੀਨੀਆਰਤਾ ਸੂਚੀਆਂ 1978 ਦੇ ਨਿਯਮਾਂ ਅਨੁਸਾਰ ਬਣਾਉਣ, ਬਤੌਰ ਸੁਪਰਡੰਟ ਗਰੇਡ 2 ਦੀ ਤਰੱਕੀ ਲਈ 8 ਸਾਲਾਂ ਸਰਤ ਖਤਮ ਕਰਨ , ਕਿਸੇ ਵੀ ਅਧਿਕਾਰੀ/ਕਰਮਚਾਰੀ ਦੀ ਜਾਂਚ ਨਿਰਪੱਖ ਤੌਰ 'ਤੇ ਕਰਨ, ਭਰਤੀ ਸਮੇਂ ਚੋਣ ਲਿਸਟ ਪਹਿਲਾਂ ਜਾਰੀ ਕਰਨ, ਜਾਅਲੀ ਸਰਟੀਫਿਕੇਟਾਂ ਦੀ ਜਾਂਚ ਕਰਕੇ ਵਿਭਾਗੀ ਕਾਰਵਾਈ ਕਰਨ, ਸੁਰੱਖਿਆ ਦੇ ਲਿਹਾਜ ਨਾਲ ਸਕੂਲ ਬਿਲਡਿੰਗਾਂ ਦੀ ਇੰਸਪੈਕਸ਼ਨ ਕਰਵਾਉਣ , ਪ੍ਰੈਕਟਿਕਲ ਦੇ ਪੀਰੀਅਡਾਂ ਨੂੰ ਨਿਸਚਿਤ ਕਰਨ,ਮਿਡ ਡੇ ਮੀਲ ਦਾ ਕੰਮ ਲਾਜਮੀ ਵਿਸ਼ਿਆਂ ਦੇ ਅਧਿਆਪਕਾਂ ਨੂੰ ਨਾ ਦਿੱਤਾ ਜਾਵੇ, ਸਪੋਰਟਸ ਰੂਮ ਦਾ ਪ੍ਰਬੰਧ ਕਰਨ ਸਹਿਤ ਹੋਰ ਵੀ ਕਈ ਅਹਿਮ ਮੁੱਦਿਆਂ 'ਤੇ ਵਿਸਥਾਰਿਤ ਗੱਲਬਾਤ ਕੀਤੀ ਗਈ। ਇਸ ਤੋਂ ਇਲਾਵਾ ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਲਏ ਜਾਣ 'ਤੇ ਯੂਨੀਅਨ ਵੱਲੋਂ ਇਤਰਾਜ ਜਤਾਉਂਦਿਆਂ ਖਾਸਕਰ ਬੀ ਐੱਲ ਓ ਡਿਊਟੀ ਕਾਰਨ ਬੱਚਿਆਂ ਦੀ ਪੜ੍ਹਾਈ ਦੇ ਹੋ ਰਹੇ ਨੁਕਸਾਨ ਬਾਰੇ ਰੂਪਨਗਰ ਜਿਲ੍ਹੇ ਦੇ ਕੁੱਝ ਸਕੂਲਾਂ ਦੀ ਉਦਾਹਰਣ ਦਿੰਦੇ ਹੋਏ ਡੀ ਪੀ ਆਈ ਸ਼ਰਮਾ ਨੂੰ ਦੱਸਿਆ ਗਿਆ ।

ਮੀਟਿੰਗ ਦੌਰਾਨ ਯੂਨੀਅਨ ਵੱਲੋਂ ਉਠਾਏ ਸਾਰੇ ਮੁੱਦਿਆਂ ਨੂੰ ਡੀ ਪੀ ਆਈ ਸੰਜੀਵ ਸ਼ਰਮਾ ਨੇ ਬਹੁਤ ਹੀ ਧਿਆਨ ਨਾਲ ਸੁਣਿਆ ਅਤੇ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਨ ਲਈ ਆਖਿਆ। ਯੂਨੀਅਨ ਨੂੰ ਪੂਰੀ ਉਮੀਦ ਹੈ ਕਿ ਇਸ ਮੀਟਿੰਗ ਦੇ ਸਾਰਥਕ ਨਤੀਜੇ ਆਉਣਗੇ। ਇਸ ਮੌਕੇ ਯੂਨੀਅਨ ਵਲੋਂ ਗੁਰਜੈਪਾਲ ਸਿੰਘ, ਗੁਰਮੇਜ ਲਾਲ ਅਹੀਰ, ਮਨਪ੍ਰੀਤ ਸਿੰਘ ਲੈਹੜੀਆਂ, ਪ੍ਰੇਮ ਸਿੰਘ, ਬਲਵਿੰਦਰ ਸਿੰਘ, ਬਲਵੀਰ ਸਿੰਘ, ਸਮਸੇਰ ਸਿੰਘ,ਸੁਖਿੰਦਰ ਸਿੰਘ , ਅਸਵਨੀ ਸਿੰਘਪੁਰ, ਬਲਜੀਤ ਸਿੰਘ , ਲਛਮਣ ਮਹਿਮੀ, ਦੇਸ ਰਾਜ ਜਲੰਧਰ ਆਦਿ ਆਗੂ ਹਾਜਰ ਸਨ।

ਲੋੜਵੰਦ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ

ਬਹਿਰਾਮਪੁਰ/ਗੁਰਦਾਸਪੁਰ, (ਦਿਨੇਸ਼ ਕੁਮਾਰ) ਪੰਜਾਬ ਸਰਕਾਰ ਵੱਲੋਂ ਜ਼ਰੂਰਤਮੰਦ ਲੜਕੀਆਂ ਨੂੰ ਆਤਮ-ਨਿਰਭਰ ਬਨਾਉਣ ਲਈ ਚਲਾਏ ਜਾ ਰਹੇ ਮਿਸਨ ਤਹਿਤ ਅੱਜ ਪਿੰਡ ਰਾਊਵਾਲ ਵਿਖੇ ਆਦਰਸ਼ ਸੋਸ਼ਲ ਵੈੱਲਫੇਅਰ ਐਂਡ ਐਜੂਕੇਸਨ ਸੁਸਾਇਟੀ ਵੱਲੋਂ ਚਲਾਏ ਗਏ 6 ਮਹੀਨੇ ਦੀ ਟ੍ਰੇਨਿੰਗ ਕਟਿੰਗ ਅਤੇ ਟੇਲਰਿੰਗ ਪ੍ਰੋਗਰਾਮ ਦੇ ਆਖਰੀ ਦਿਨ 25 ਜ਼ਰੂਰਤਮੰਦ ਲੜਕੀਆਂ ਨੂੰ ਮੁਫਤ ਸਿਲਾਈ ਮਸ਼ੀਨਾਂ ਤੇ ਸਰਟੀਫਿਕੇਟ ਵੰਡੇ ਗਏ।

ਇਸ ਸਮਾਗਮ 'ਚ ਦੀਨਾਨਗਰ ਤੋਂ ਹਲਕਾ ਇੰਚਾਰਜ ਸਮਸੇਰ ਸਿੰਘ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ । ਲੜਕੀਆਂ ਨੂੰ ਸਿਲਾਈ ਮਸ਼ੀਨਾਂ ਤੇ ਸੈਟੀਫਕੇਟ ਵੰਡਣ ਮੌਕੇ ਸੰਬੋਧਨ ਕਰਦਿਆਂ ਸਮਸ਼ੇਰ ਸਿੰਘ ਨੇ ਕਿਹਾ ਕਿ ਲੜਕੀਆਂ ਅੱਜ ਹਰ ਖੇਤਰ ਵਿਚ ਮੱਲਾਂ ਮਾਰ ਰਹੀਆਂ ਹਨ ਪੰਜਾਬ ਸਰਕਾਰ ਵੱਲੋਂ ਲੜਕੀਆਂ ਨੂੰ ਆਤਮ-ਨਿਰਭਰ ਬਣਾਉਣ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ, ਤਾਂ ਜੋ ਲੜਕੀਆਂ ਆਪਣਾ ਸਵੈ ਰੋਜ਼ਗਾਰ ਹਾਸਲ ਕਰ ਸਕਣ। ਇਸ ਮੌਕੇ ਤੇ ਸੁਸਾਇਟੀ ਦੇ ਪ੍ਰਧਾਨ ਸਤਨਾਮ ਸਿੰਘ ਗਰੇਟੀਆਂ ਨੇ ਕਿਹਾ ਕਿ ਸਾਡੀ ਸੰਸਥਾ ਕਈ ਸਮੇਂ ਤੋਂ ਲੋਕ ਭਲਾਈ ਦੇ ਕੰਮ ਕਰਦੀ ਆ ਰਹੀ ਹੈ ਅਤੇ ਅੱਗੇ ਵੀ ਨਿਰੰਤਰ ਜਾਰੀ ਰਹਿਣਗੇ ।

ਸ਼ਹੀਦਾਂ ਦੀ ਯਾਦ 'ਚ ਨਗਰ ਕੀਰਤਨ ਸਜਾਇਆ

ਫਗਵਾੜਾ (ਕਮਲ ਰਾਏ) ਸੌ ਸਾਲ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਕਰ ਰਹੇ ਚਾਰ ਬੱਬਰ ਅਕਾਲੀ ਜਥੇਦਾਰ ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟ ਅਤੇ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਫਗਵਾੜਾ ਤਹਿਸੀਲ ਦੇ ਪਿੰਡ ਬਬੇਲੀ ਵਿੱਚ ਆਪਣੇ ਸਾਥੀ ਅਨੂਪ ਸਿੰਘ ਮਾਣਕੋ

ਦੀ ਗਦਾਰੀ ਕਰਕੇ 1200 ਘੋੜ ਸਵਾਰ ਫੌਜ ਅਤੇ ਪੁਲਿਸ ਦੇ ਘੇਰੇ ਵਿੱਚ ਘਿਰ ਗਏ ਸਨ। ਬਬੇਲੀ ਦੇ ਬੱਬਰ ਸ਼ਿਵ ਸਿੰਘ ਚਾਹਲ ਦੇ ਘਰ ਆਏ ਹੋਏ ਬੱਬਰਾਂ ਨੂੰ ਉਸ ਫੌਜ ਦੇ ਕਮਾਂਡਰ ਸਮਿੱਥ ਨੇ ਆਤਮ ਸਮਰਪਣ ਕਰਨ ਲਈ ਕਿਹਾ ਪਰ ਬੱਬਰ ਅਕਾਲੀ ਸਿੰਘਾਂ ਨੇ ਖਾਲਸਾ ਪੰਥ ਦੀਆਂ ਰਵਾਇਤਾਂ ਅਨੁਸਾਰ ਜੂਝ ਕੇ ਸ਼ਹੀਦੀਆਂ ਪਾਈਆਂ। ਉਨ੍ਹਾਂ ਦੇਸ਼ ਭਗਤ ਯੋਧਿਆਂ ਦੀ ਸ਼ਹਾਦਤ ਦੇ ਸੌਵੇਂ ਸਾਲ ਨੂੰ ਸਮਰਪਤ ਨਗਰ ਕੀਰਤਨ ਗੁਰਦੁਆਰਾ ਬੱਬਰ ਸ਼ਹੀਦਾਂ ਬਬੇਲੀ ਤੋਂ ਦੁੱਗਾਂ, ਉੱਚਾ, ਮੂਸਾਪੁਰ, ਡੁਮੇਲੀ, ਭਬਿਆਣਾ ਹੁੰਦਾ ਹੋਇਆ ਵਾਪਸ ਬਬੇਲੀ ਤੱਕ ਸਜਾਇਆ ਗਿਆ। ਸੰਤ ਬਾਬਾ ਪ੍ਰੀਤਮ ਸਿੰਘ ਨਿਰਮਲ ਕੁਟੀਆ ਡੁਮੇਲੀ ਵਾਲ਼ਿਆਂ ਨੇ ਅਰਦਾਸ ਕੀਤੀ। ਸੀਤਾ ਰਾਮ ਬਾਂਸਲ ਦੀ ਸੰਪਾਦਤ ਕਿਤਾਬ 'ਬਬੇਲੀ ਸਾਕਾ ਬੱਬਰਾਂ ਦੀ ਸ਼ਹੀਦੀ' ਲੋਕ ਅਰਪਣ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇਸ ਨਗਰ ਕੀਰਤਨ ਵਿੱਚ ਗਤਕਾ ਪਾਰਟੀਆਂ ਨੇ ਗਤਕੇ ਦੇ ਜੌਹਰ ਦਿਖਾਏ। ਪਿੰਡਾਂ ਦੀਆਂ ਸੰਗਤਾਂ ਨੇ ਲੰਗਰ, ਚਾਹ, ਪਕੌੜਿਆਂ, ਮਠਿਆਈਆਂ ਨਾਲ਼ ਸੰਗਤਾਂ ਦੀ ਸੇਵਾ ਕੀਤੀ। ਹਾਥੀ, ਊਠਾਂ ਅਤੇ ਘੋੜਿਆਂ ਦੀਆਂ ਡਾਰਾਂ ਨੇ ਇਸ ਨਗਰ ਕੀਰਤਨ ਦੀ ਰੌਣਕ ਨੂੰ ਚਾਰ ਚੰਨ ਲਾਏ। ਇਸ ਮੌਕੇ ਕੁਲਦੀਪ ਸਿੰਘ, ਮੇਜਰ ਸਿੰਘ, ਸੁਖਵੰਤ ਸਿੰਘ, ਜਸਵੀਰ ਸਿੰਘ ਨੰਬਰਦਾਰ, ਰਣਜੀਤ ਸਿੰਘ ਖਾਲਸਾ, ਰਜਿੰਦਰ ਸਿੰਘ, ਤਰਨਜੀਤ ਸਿੰਘ ਥਾਂਦੀ, ਬਿੱਟੂ, ਰਸ਼ਪਾਲ ਪਾਲਾ, ਅਮਨਦੀਪ ਉੱਚਾ, ਗੁਰਮੀਤ ਸਿੰਘ ਉੱਚਾ, ਗਿਆਨ ਸਿੰਘ ਦੁੱਗਾਂ, ਅਮਰੀਕ ਸਿੰਘ ਦੁੱਗਾਂ, ਅੰਮ੍ਰਿਤ ਗਿੱਲ, ਤਰਸੇਮ ਸਿੰਘ ਭਬਿਆਣਾ, ਜੋਗਾ ਸਿੰਘ ਜਗਜੀਤਪੁਰ, ਬੱਬਰ ਅਕਾਲੀ ਸ਼ਹੀਦਾਂ ਦੇ ਪਿੰਡਾਂ ਦੀਆਂ ਕਮੇਟੀਆਂ ਦੇ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਗੁਰ ਸੰਗਤਾਂ ਹਾਜਰ ਸਨ।

ਸਰਕਾਰ ਨਸ਼ੇ ਦਾ ਕਾਰੋਬਾਰ ਰੋਕਣ ਲਈ ਹਰ ਹੀਲਾ ਵਰਤੇਗੀ : ਅੱਪਰਾ

ਫਿਲੌਰ (ਨਿਰਮਲ)-ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਣ ਪੰਜਾਬ ਵਿਚ ਫੈਲੇ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਇਸ ਨਾ ਮੁਰਾਦ ਬਿਮਾਰੀ ਤੋਂ ਬਚਾਉਣ ਲਈ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਨਸਾ ਤਸਕਰਾਂ ਦੇ ਖਿਲਾਫ ਜੰਗ ਦਾ ਐਲਾਨ ਕਰ ਦਿੱਤਾ ਗਿਆ ਹੈ ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਵਲੋਂ ਸੂਬੇ ਵਿੱਚ ਨਸ਼ਿਆਂ ਦੀ ਲਾਹਨਤ ਖਿਲਾਫ ਜੰਗ ਹੋਰ ਤੇਜ਼ ਕ

27-Aug-Sunday.qxd 8/26/2023 8:59 PM Page 1

ਗਦਰੀ ਬਾਬਾ ਨਿਧਾਨ ਸਿੰਘ ਮਹੇਸਰੀ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

www.nawanzamana.in

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 27 ਅਗਸਤ 2023

ਕੀਮਤ 5.00 ਰੁਪਏ

ਚਮਨ ਵਿੱਚ ਫੁੱਲ ਖਿੜਨੇ ਸਨ,
ਤਬਾਹੀ ਦਾ ਨਜ਼ਾਰਾ ਹੈ,
ਇਹ ਕਿਹੜੇ ਵਕਤ ਆ ਕੇ
ਦੇ ਗਿਆ ਮੌਸਮ ਦਗ਼ਾ ਸਾਨੂੰ।

- ਸ਼ਿਵ ਨਾਥ

ਮਾਰਕਸਵਾਦ ਸਦਾ ਰਾਹ-ਦਸੇਰਾ

ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

ਭਾਗ-3

ਕਿਰਤ-ਸ਼ਕਤੀ, "ਜਿਣਸ" ਹੈ, ਭਾਵ ਇਹ ਵੀ ਸਭ ਜਿਣਸਾਂ ਵਾਂਗ ਦੋਹਰਾ ਗੁਣ ਰੱਖਦੀ ਹੈ। ਇਸ ਦਾ 'ਵਰਤੋਂ-ਮੱਲ' ਅਤੇ "ਮੁੱਲ" ਹੁੰਦਾ ਹੈ। ਮਾਲਕ, ਕਿਰਤ ਸ਼ਕਤੀ ਦਾ ਮੁੱਲ ਤਾਰ ਕੇ, ਤੈਹ ਸਮੇਂ ਵਿਚ ਉਸ

(ਕਿਰਤ ਸ਼ਕਤੀ) ਦੀ ਵਰਤੋਂ ਕਰਦਾ ਹੈ।

ਉਹ ਕਿਰਤੀ ਦਾ ਨਹੀਂ, ਕੇਵਲ 'ਕਿਰਤ-ਸ਼ਕਤੀ' ਦੇ (ਵਟਾਂਦਰਾ)-ਮੁੱਲ ਦਾ ਉਜਰਤ ਰੂਪ ਵਿਚ ਭੁਗਤਾਨ ਕਰਦਾ ਹੈ। ਕਿਰਤ-ਸ਼ਕਤੀ, ਵਰਤੋਂ ਨਾਲ ਨਵਾਂ ਮੁੱਲ ਸਿਰਜਦਿਆਂ ਖਪਤ ਹੁੰਦੀ ਹੈ।

"ਕਿਰਤ ਸ਼ਕਤੀ" ਹੀ ਇੱਕੋ-ਇੱਕ ਜਿਣਸ ਹੈ, ਜੋ ਖਪਤ ਕੀਤਿਆਂ ਆਪਣੇ ਮੁੱਲ ਤੋਂ ਵਾਧੂ-ਮੁੱਲ ਸਿਰਜਣ ਦਾ ਗੁਣ ਰੱਖਦੀ ਹੈ।

ਜਿਣਸ ਦਾ ਮੁੱਲ, ਵਟਾਂਦਰੇ ਨਾਲ ਪਰਗਟ ਹੁੰਦਾ ਹੈ। ਵਟਾਂਦਰਾ ਬਰਾਬਰੀ ਬਗੈਰ ਨਹੀਂ ਹੁੰਦਾ ਹੈ।

ਖਾਸ ਜਿਣਸ 'ਕਿਰਤ ਸ਼ਕਤੀ' ਦਾ ਵਟਾਂਦਰਾ ਮੁੱਲ

(ਉਜਰਤ) ਵੀ ਬਰਾਬਰੀ ਦਾ ਗੁਣ ਰੱਖਦਾ ਹੈ।

[ਉਜਰਤ ਰਾਸ਼ੀ= ਕਿਰਤ ਸ਼ਕਤੀ ਦਾ ਮੁੱਲ]

ਖਪਤ ਹੋਈ ਕਿਰਤ ਸ਼ਕਤੀ ਦੀ ਪੂਰਤੀ ਲਈ ਕਿਰਤੀ ਨੂੰ ਖੁਰਾਕ, ਆਰਾਮ, ਪਾਲਣ-ਪੋਸ਼ਣ ਦੇ ਮੁੱਲ ਬਰਾਬਰ ਉਜਰਤ ਰਾਸ਼ੀ ਨਾਲ ਵਟਾਇਆ ਜਾਂਦਾ ਹੈ। ਉਜਰਤਾਂ, ਕਿਰਤ ਸ਼ਕਤੀ ਮੁੜ ਪੈਦਾ ਕਰਨ ਦੀਆਂ ਜਿਣਸਾਂ ਦੇ ਮੁੱਲ ਬਰਾਬਰ ਨਿਸਚਤ ਹੁੰਦੀਆਂ ਹਨ। ਉਜਰਤਾਂ, ਕਿਰਤ ਸ਼ਕਤੀ ਪੈਦਾ ਕਰਨ ਨਾਲ ਖਪਤ ਹੋ ਜਾਂਦੀਆਂ ਹਨ। ਇਸ ਤਰ੍ਹਾਂ ਕਿਰਤ ਸ਼ਕਤੀ ਦੀ ਵਰਤੋਂ ਦੀ ਪੂਰਤੀ ਲਈ ਮੁੜ ਉਜਰਤ ਇਹ ਗੇੜ ਚਲਦਾ ਹੈ।

ਆਓ "ਦਾਸ ਕੈਪੀਟਲ" ਦੇ ਪਹਿਲੇ ਪਾਠ ਵਿਚ ਵਰਤੀਆਂ ਬੁਨਿਆਦੀ-ਧਾਰਨਾਵਾਂ 'ਤੇ ਨਜ਼ਰ ਮਾਰੀਏ। ਮਾਰਕਸ "ਦਾਸ ਕੈਪੀਟਲ" ਦਾ ਅਰੰਭ ਜਿਣਸਾਂ (Commodities) ਤੋਂ ਕਰਦਾ ਹੈ।

1) ਜਿਣਸਾਂ , 'ਵਰਤੋਂ-ਮੁੱਲ' ਅਤੇ 'ਮੁੱਲ' ਦਾ, (ਭਾਵ "ਦੋਹਰਾ") ਗੁਣ ਰੱਖਦੀਆਂ ਹਨ।

2) ਕਿਰਤ ਦਾ ਦੋਹਰਾ ਗੁਣ, 'ਠੋਸ-ਕਿਰਤ' ਅਤੇ 'ਅਮੂਰਤ-ਕਿਰਤ' ਹੈ।

3) ਕੁਦਰਤ ਪਿੱਛੋਂ ਕਿਰਤ ਮੁੱਲ ਸਿਰਜਕ ਹੈ।

4) ਮੁੱਲ ਦਾ ਦੋਹਰਾ ਗੁਣ, 'ਵਰਤੋਂ-ਮੁੱਲ' ਅਤੇ 'ਵਟਾਂਦਰਾ-ਮੁੱਲ' ਹੈ। ਮੁੱਲ, ਵਟਾਂਦਰੇ ਸਮੇਂ ਪ੍ਰਗਟ ਹੋਣ ਕਾਰਨ ਇਸ ਨਾਲ ਵਟਾਂਦਰਾ ਸ਼ਬਦ ਜੁੜ ਜਾਂਦਾ ਹੈ।

5) ਠੋਸ-ਕਿਰਤ, ਉਪਜਾਂ ਵਿੱਚ ਵਰਤੋਂ-ਮੁੱਲ ਜੋੜਦੀ ਹੈ। ਇਹ ਵਰਤੋਂ-ਮੁੱਲ ਸਿਰਜਕ ਹੈ।

6) ਅਮੂਰਤ ਕਿਰਤ, ਉਪਜਾਂ ਵਿਚ "ਮੁੱਲ" ਜੋੜਦੀ ਹੈ। ਇਹ ਵਟਾਂਦਰੇ ਸਮੇਂ ਪ੍ਰਗਟ ਹੁੰਦਾ ਹੈ।

7) "ਵਸਤੂ", ਵਟਾਂਦਰੇ ਵਿੱਚ ਆ ਕੇ "ਜਿਣਸ" ਬਣਦੀ ਹੈ।

8) ਵਟਾਂਦਰਾ ਬਰਾਬਰੀ ਬਗੈਰ ਸੰਭਵ ਨਹੀਂ ਹੈ।

ਬਰਾਬਰੀ, ਇਕ ਸਾਧਨ ਬਗੈਰ ਕੀਤੀ (ਮਿਣੀ/ਮਿਣੀ) ਨਹੀਂ ਜਾਂਦੀ।

9) ਕਿਰਤ ਸ਼ਕਤੀ, ਖਾਸ ਜਿਣਸ ਹੈ। ਇਸ ਦਾ ਵਟਾਂਦਰਾ (ਵਰਤੋਂ ਹੱਕ) ਉਜਰਤ-ਰਾਸ਼ੀ ਭੁਗਤਾਣ ਨਾਲ ਹੁੰਦਾ ਹੈ।

10) ਕਿਰਤ ਸ਼ਕਤੀ, ਮੁੱਲ ਸਿਰਜਦੀ ਹੈ ਅਤੇ ਇਹ ਮੁੱਲ ਉਸ ਦੇ ਆਪਣੇ ਮੁੱਲ ਤੋਂ ਵਧੇਰੇ ਹੁੰਦਾ ਹੈ।

11) ਵਾਧੂ-ਮੁੱਲ, "ਨਾ ਅਦਾ ਕੀਤੀ ਉਜਰਤ" ਦਾ ਜੋੜ ਫਲ ਹੈ।

12) ਵਾਧੂ-ਮੁੱਲ (ਮੁਨਾਫ਼ਾ) ਵਧਾਉਣ ਲਈ ਕਿਰਤ ਸਮਾਂ ਵਧਾਉਣਾ, ਕੰਮ ਸਮੇਂ ਵਿਚ ਵਿਹਲ ਦੀਆਂ ਵਿੱਥਾਂ ਘਟਾਉਣਾ (ਗਾੜ੍ਹਾ ਕਰਨਾ), ਕੰਮ ਵੰਡ ਕਰਕੇ ਉਤਪਾਦਨ ਵਧਾਉਣਾ, ਬਿਹਤਰ ਤਕਨੀਕ ਵੱਲ ਵਧਣਾ ਹੈ। ਮਾਰਕਸ ਦਾ ਕਥਨ :

'ਸਰਮਾਇਆ ਤਾਜ਼ਾ ਖੂਨ ਪੀ ਕੇ ਵਧਦਾ ਹੈ।' ਸਰਮਾਇਆ, ਵਟਾਂਦਰਾ ਗੇੜ ਵਿੱਚ ਨਹੀਂ ਵਧਦਾ। ਇਸ ਗੇੜ ਵਿਚ ਤਾਂ ਕੋਈ ਵਾਧੇ ਵਿਚ ਅਤੇ ਕੋਈ ਘਾਟੇ ਵਿੱਚ ਹੀ ਜਾਵੇਗਾ, ਜੋੜ ਬਰਾਬਰ ਰਹੇਗਾ। ਖਾਸ ਜਿਣਸ 'ਕਿਰਤ ਸ਼ਕਤੀ' ਜੋ ਮੁੱਲ ਸਿਰਜਕ ਹੈ, ਕਿਰਤੀ ਤੋਂ ਵੱਖ ਨਹੀਂ ਹੈ, ਇਸ ਲਈ

ਸਰਮਾਇਆ ਕਿਰਤ ਸ਼ਕਤੀ ਨਿਚੋੜ ਕੇ ਹੀ ਵਧਦਾ ਹੈ। ਕਿਰਤ ਸ਼ਕਤੀ, ਕਿਰਤੀ ਦੇ ਖੂਨ 'ਤੇ ਨਿਰਭਰ ਹੈ।

ਸਰਮਾਇਆ ਕਿਰਤੀ ਦੀ ਸਿਹਤ ਨੂੰ ਖੋਰਾ ਲਾਉਂਦਾ ਹੈ ਅਤੇ ਸਰਮਾਏਦਾਰੀ ਪ੍ਰਬੰਧ ਕਿਰਤੀ ਵਰਗ ਦੀ ਸਿਹਤ ਨੂੰ ਖੋਰਦਾ ਹੈ।

ਉਤਪਾਦਨ ਦਾ ਇਤਿਹਾਸ ਸ਼ਾਨਾਮੱਤਾ ਹੈ। ਕਾਰਖਾਨੇਦਾਰੀ, ਫੈਕਟਰੀ, ਆਟੋਮੇਸ਼ਨ, ਸਵੈਚਾਲਕ ਮਸ਼ੀਨਾਂ, ਕੰਪਿਊਟਰ, ਰੋਬੋਟ, ਇੰਟਰਨੈੱਟ, ਹੁਣ ਨਕਲੀ ਬੌਧਿਕਤਾ ਦੀ ਵਰਤੋਂ।

ਤਕਨੀਕੀ ਇਨਕਲਾਬਾਂ ਨੇ ਉਤਪਾਦਨ ਅਤੇ ਕਿਰਤ-ਉਤਪਾਦਕਤਾ ਦੇ ਵਾਧੇ ਦੀ ਕਾਇਆ ਪਲਟ ਦਿੱਤੀ ਹੈ।

ਮਾਰਕਸਵਾਦ ਦੇ ਚੇਤੰਨ ਵਿਰੋਧੀ ਝੂਠ ਬੋਲਦੇ ਹਨ।

ਜੋ ਮਾਰਕਸ ਨੇ ਖੋਜਿਆ ਅਤੇ ਪੇਸ਼ ਕੀਤਾ ਹੈ, ਉਹ, ਉਹ ਨਹੀਂ ਦੱਸਦੇ, ਉਸ ਨੂੰ ਤੋੜਦੇ-ਮਰੋੜਦੇ ਅਤੇ ਵਿਗਾੜ ਕੇ ਪੇਸ਼ ਕਰਦੇ ਹਨ। ਕੁਝ (ਸਿੱਧੜ) ਉਹਨਾਂ ਦੇ ਝੂਠੇ ਪਰਚਾਰ ਦਾ ਸ਼ਿਕਾਰ ਹੋ ਕੇ ਭੰਡੀ ਪਰਚਾਰ ਕਰਦੇ ਹਨ। ਮਾਰਕਸ ਨੂੰ ਪੜ੍ਹੇ, ਸਮਝੇ ਬਗੈਰ ਹੀ, 'ਸਵੈ-ਘੋਸ਼ਤ ਮਾਰਕਸਵਾਦੀਆਂ' ਨੇ ਸਥਿਤੀ ਵਧੇਰੇ ਬਦੂ ਕਰ ਦਿੱਤੀ ਹੈ।

ਉਹ (ਅਜਿਹੇ ਵਿਰੋਧੀ) ਮਾਰਕਸਵਾਦ ਨੂੰ 'ਪਛੜਿਆ' ਐਲਾਨ ਕਰਦੇ ਹਨ, ਵੇਲਾ ਵਹਾਅ ਚੁੱਕਾ ਪਰਚਾਰਦੇ ਹਨ, ਉਹਨਾਂ ਦਾ ਕਹਿਣਾ ਨਕਾਰਨ ਰੂਪੀ ਹੈ। ਉਹ ਇਸ ਦੇ ਵਿਗਿਆਨਕ ਪੱਖ ਦੀ ਖਿੱਲੀ ਉਡਾਉਣ ਵਿਚ ਮਸਤੀ ਨਾਲ ਲੱਗੇ ਹੋਏ ਹਨ।

ਪਰ ਮਾਰਕਸਵਾਦ ਦਾ ਕੋਈ ਬਦਲ ਨਹੀਂ ਹੈ। ਮੁਕਤੀ ਦੇ ਰੂਹਾਨੀ ਹਥਿਆਰ, ਮਾਰਕਸੀ ਫਲਸਫਾ ਮੁਹੱਈਆ ਕਰਦਾ ਹੈ। ਮਨੁੱਖ ਹਿਤੈਸ਼ੀਆਂ ਅਤੇ ਖਾਸ ਤੌਰ 'ਤੇ ਹਨੇਰੇ ਭਵਿੱਖ ਦਾ ਸ਼ਿਕਾਰ ਨੌਜਵਾਨੀ, ਆਧੁਨਿਕ- ਪਰੋਲਤਾਰੀਆਂ ਨੇ ਮਾਰਕਸ ਨੂੰ ਪੜ੍ਹਨਾ ਅਤੇ ਸਮਝਣਾ ਹੀ ਨਹੀਂ, ਸਗੋਂ ਲਾਗੂ ਕਰਨਾ ਹੋਵੇਗਾ।

'ਹਰ ਸਮੱਸਿਆ ਦਾ ਪਦਾਰਥਕ ਹੱਲ ਮੌਜੂਦ ਹੈ'।

ਕੋਈ ਵੀ ਵਿਗਿਆਨਕ ਆਧਾਰ ਐਸਾ ਨਹੀਂ ਜੋ ਵਿਕਾਸ ਨਾ ਕਰੇ। ਮਾਰਕਸਵਾਦ ਵਿਗਿਆਨ ਹੈ। ਇਸ ਦੇ ਵਿਕਾਸ ਤੋਂ ਕੋਈ ਗੈਰ-ਵਿਗਿਆਨਕ ਮਨੁੱਖ ਹੀ ਇਨਕਾਰੀ ਹੋ ਸਕਦਾ ਹੈ। ਪਰ ਵਿਗਿਆਨਕ ਆਧਾਰ ਉਪਰ ਹਮਲਾ, ਮਨੁੱਖ ਦੁਸ਼ਮਣ, 'ਚੇਤੰਨ ਵਿਰੋਧੀ' ਹੀ ਕਰ ਸਕਦਾ ਹੈ। ਵਿਗਿਆਨ ਦੀ ਖਾਸੀਅਤ ਹੈ ਕਿ ਉਹ ਝੂਠ ਨੂੰ ਹਰਾ ਦਿੰਦਾ ਹੈ।

"ਓੜਕ ਸੱਚ ਰਹੀ"। ਸੱਚ ਜਿੱਤਦਾ ਹੈ।

"ਮਾਰਕਸਵਾਦੀਆਂ" ਦੀਆਂ ਭੁੱਲਾਂ, ਗਲਤੀਆਂ, ਗੁਨਾਹਾਂ ਅਤੇ ਪਾਪਾਂ ਨੂੰ ਮਾਰਕਸਵਾਦ ਦੀ ਅਸਫ਼ਲਤਾ ਨਹੀਂ ਐਲਾਨਿਆ ਜਾ ਸਕਦਾ। ਮਾਰਕਸਵਾਦੀ-ਵਿਗਿਆਨ 'ਸਾਰੀਆਂ ਊਝਾਂ'

(All allegations) ਦਾ ਜਵਾਬ ਦੇਣ ਦੇ ਸਮਰੱਥ ਵੀ ਹੈ।

ਮਾਰਕਸ ਨੇ "ਦਾਸ ਕੈਪੀਟਲ" ਵਿਚ

"ਸਾਪੇਖ ਵਾਧੂ-ਮੁੱਲ" (Relative surplus value) ਦਾ ਵਿਖਿਆਨ ਬਾਖੂਬੀ ਕੀਤਾ ਹੈ। "ਸਾਪੇਖ ਵਾਧੂ-ਮੁੱਲ" ਦੀ ਸਮੁੱਚੀ ਸਮਝਦਾਰੀ ਵਿਚ,

ਉਹ ਸਭ ਕੁਝ ਮੌਜੂਦ ਹੈ, ਜੋ ਮਨੁੱਖੀ ਸਮਾਜ ਅੱਜ ਹੰਢਾਅ ਰਿਹੈ। ਇਥੇ ਮੁਸ਼ਕਲਾਂ ਦੇ ਵਾਧੇ ਦਾ ਬੁਰਜੂਆ ਪੱਖ ਵੀ ਅਤੇ ਇਸ ਵਿੱਚੋਂ ਨਿਕਲਣ ਦਾ ਪਰੋਲਤਾਰੀ-ਐਕਸ਼ਨ (ਮਨੁੱਖਵਾਦੀ) ਰਾਹ ਵੀ ਮੌਜੂਦ ਹੈ।

ਭਾਵੇਂ ਇਹ ਮੰਨਿਆ ਜਾਂਦਾ ਹੈ ਕਿ "ਜਨਰਲ ਸਾਪੇਖਤਾ ਸਿਧਾਂਤ" (special & General theory of relativity) ਮਹਾਨ ਵਿਗਿਆਨੀ ਆਈਨਸਟਾਈਨ ਨੇ 1905 ਅਤੇ 1915 ਵਿਚ ਦਿੱਤੀਆਂ, ਪਰ ਮਾਰਕਸ ਦੀ ਦਾਸ ਕੈਪੀਟਲ (1867 ਵਿਚ ਛਪੀ) ਵਿਚ, "ਸਾਪੇਖ ਵਾਧੂ-ਮੁੱਲ" ਸਿਧਾਂਤ (Theory of Relative surplus value) ਦਾ ਸਮਾਜਕ-ਵਿਗਿਆਨ ਪੱਖ ਆਪਾਂ ਪੜ੍ਹ, ਸਮਝ ਸਕਦੇ ਹਾਂ।

"ਸਾਪੇਖ ਵਾਧੂ-ਮੁੱਲ" ਕੀ ਹੈ ?

ਮਾਰਕਸ ਨੇ ਪਰੋਲਤਾਰੀਆ ਦੇ ਘੋਲ ਦੇ ਨਤੀਜੇ ਵਜੋਂ

ਸਨਅਤੀ ਦੇਸ਼ ਇੰਗਲੈਂਡ ਵਿੱਚ, ਕਿਰਤ ਦਿਨ ਦੀ

ਕਾਨੂੰਨੀ ਸੀਮਾ (1848 ਵਿਚ) 10 ਘੰਟੇ ਲਾਗੂ ਹੋਣ ਉਪਰੰਤ, ਜਿਸ ਦੀ ਇਬਾਰਤ ਸੀ ; 'ਕਿਸੇ ਵੀ ਕਿਰਤੀ ਤੋਂ ਰੋਜ਼ਾਨਾ 10 ਘੰਟੇ ਤੋਂ ਵੱਧ ਕੰਮ ਨਹੀਂ ਲਿਆ ਜਾ ਸਕਦਾ।' ਫ.ਏਂਗਲਜ ਨੇ ਇਸ ਕਾਨੂੰਨ ਨੂੰ, ਇਹ ਸਾਡੀ "ਸਿਧਾਂਤਕ ਜਿੱਤ" ਹੈ, ਐਲਾਨਿਆ ਸੀ।

ਮਾਰਕਸ ਨੇ ਭਵਿੱਖੀ ਨਤੀਜਾ ਕੱਢ ਲਿਆ ਸੀ, ਜਿਸ ਨੂੰ ਉਸ ਨੇ "ਦਾਸ ਕੈਪੀਟਲ" ਦੀ ਅਮਰਤਾ ਵਿਚ ਸ਼ਾਮਲ ਕਰਦਿਆਂ ਲਿਖਿਆ :

"ਇਸ ਗੱਲ ਵਿਚ ਬਿਲਕੁੱਲ ਕੋਈ ਸ਼ੱਕ ਨਹੀਂ ਕਿ ਕਿਰਤ ਦੇ ਘੰਟਿਆਂ ਨੂੰ ਲੰਮਾ ਕਰਨ ਦੀ ਸਦਾ-ਸਦਾ ਲਈ ਮਨਾਹੀ ਹੋ ਜਾਣ ਪਿੱਛੋਂ ਜਿਹੜੀ ਰੁਚੀ ਤੁਰੰਤ ਹੀ ਪੂੰਜੀਪਤੀ ਨੂੰ ਲਗਾਤਾਰ ਕਿਰਤ ਦੀ ਤੀਬਰਤਾ ਵਧਾ ਕੇ ਆਪਣਾ ਘਾਟਾ ਪੂਰਾ ਕਰਨ ਲਈ ਅਤੇ ਮਸ਼ੀਨਰੀ ਵਿਚ ਹੋਣ ਵਾਲੀ ਹਰੇਕ ਬਿਹਤਰੀ ਨੂੰ ਕਾਮੇ ਨੂੰ ਨਚੋੜਨ ਦੇ ਵੱਧ ਤੋਂ ਵੱਧ ਕਾਰਗਰ ਸਾਧਨ ਵਿਚ ਬਦਲ ਦੇਣ ਲਈ ਉਕਸਾਉਂਦੀ ਹੈ, ਉਹ ਰੁਚੀ ਛੇਤੀ ਹੀ ਇਕ ਅਜਿਹੀ ਹਾਲਤ ਲਾਜ਼ਮੀ ਤੌਰ ਉਤੇ ਪੈਦਾ ਕਰ ਦੇਵਗੀ, ਜਿਸ ਵਿਚ ਕਿਰਤ ਦੇ ਘੰਟਿਆਂ ਨੂੰ ਘਟਾਉਣਾ ਫੇਰ ਜ਼ਰੂਰੀ ਹੋ ਜਾਵੇਗਾ।"

(ਸਰਮਾਇਆ, ਪੰਨਾ 439)

ਉਪਰੋਕਤ ਹਵਾਲਾ, "ਜੀਵਤ ਵਿਰੋਧ-ਵਿਕਾਸ"

(Living dialectics) ਦਾ ਉਤਮ ਨਮੂਨਾ ਹੈ। ਬੁਰਜੂਆ ਪੱਖੀ ਸਮਾਜ ਅਤੇ ਪਰੋਲਤਾਰੀ ਪੱਖੀ ਸਮਾਜ, ਦੋਵਾਂ ਦੇ ਪੱਖਾਂ ਨੂੰ



ਉਜਾਗਰ ਕਰਦਾ ਹੈ। ਇਸ "ਮੁੱਖ-ਸੂਤਰ" ਦੀ ਅਣਦੇਖੀ ਵਿਚ ਸਮਾਜਕ ਵਿਗਾੜਾਂ ਦਾ ਭੇਦ ਦੱਬ ਗਿਆ ਹੈ।

ਮਾਰਕਸ, "ਸਾਪੇਖ ਵਾਧੂ-ਮੁੱਲ" (ਵਾਧਾ) ਸਮਝਾਉਣ ਲਈ ਕੰਮ ਦਿਨ (Labour day) ਨੂੰ ਦੋ (ਅਨੁਪਾਤੀ) ਭਾਗਾਂ ਵਿੱਚ ਬਿਆਨ ਕਰਦਾ ਹੈ।

ਮੰਨ ਲਵੋ ਕੰਮ-ਦਿਨ ਦੀ ਲੰਬਾਈ 8 ਘੰਟੇ ਹੈ।

(ਇਤਿਹਾਸ ਵਿਚ ਇਹ ਲੰਬਾਈ ਮਿਆਰ : 20,18,

16,14,12,10 ਘੰਟੇ 1848 ਤੋਂ, ਅਤੇ 8 ਘੰਟੇ 1886 ਤੋਂ ਅਰੰਭ ਹੋਣਾ, ਦਰਜ ਹੈ)

ਕਿਉਂਕਿ ਕਿਰਤ ਸ਼ਕਤੀ ਸਮੇਂ ਵਿੱਚ ਮੁੱਲ ਸਿਰਜਦੀ ਹੈ, 'ਮੁੱਲ', ਜੋ ਉਸ ਦੇ ਆਪਣੇ ਮੁੱਲ ਤੋਂ ਵਧੇਰੇ ਹੈ, ਭਾਵ ਉਜਰਤ ਤੋਂ ਵਧੇਰੇ ਹੁੰਦਾ ਹੈ।

ਇਸ ਲਈ ਕਿਰਤ-ਦਿਨ ਦਾ ਉਹ ਭਾਗ, ਜਿਸ ਵਿਚ ਕਿਰਤੀ ਨੇ ਉਜਰਤ ਰਾਸ਼ੀ ਬਰਾਬਰ ਮੁੱਲ ਦੀ ਸਿਰਜਣਾ ਕੀਤੀ ਹੈ : ਇਸ ਨੂੰ "ਜ਼ਰੂਰੀ ਕੰਮ ਸਮਾਂ"

ਸੱਦਿਆ ਜਾਂਦਾ ਹੈ। ਨਿਸ਼ਚਤ ਕੰਮ ਦਿਨ ਦੇ ਬਾਕੀ ਸਮੇਂ ਨੂੰ, "ਵਾਧੂ ਕੰਮ ਸਮਾਂ" ਸੱਦਿਆ ਜਾਂਦਾ ਹੈ।

ਉਦਾਹਰਣ ਵਜੋ 'ਕੰਮ-ਦਿਨ' ਦੀ ਲੰਬਾਈ 8 ਘੰਟੇ ਹੈ। ਕਿਰਤੀ 4 ਘੰਟੇ ਵਿਚ ਉਜਰਤ ਰਾਸ਼ੀ ਬਰਾਬਰ ਮੁੱਲ ਸਿਰਜਦਾ ਹੈ ਤਾਂ "ਜ਼ਰੂਰੀ ਕੰਮ ਸਮਾਂ"= 4 ਘੰਟੇ

ਹੈ ਅਤੇ ਬਾਕੀ 4 ਘੰਟੇ (8-4=4) "ਵਾਧੂ ਕੰਮ ਸਮਾਂ" ਹੈ। ਹੁਣ ਜਦੋਂ ਕੰਮ ਦਿਨ ਲੰਮਾ ਕਰਨ ਦੀ ਕਾਨੂੰਨੀ ਮਨਾਹੀ ਹੈ ਤਾਂ ਮਾਲਕ, ਜਿਸ ਦੀ ਰੁਚੀ ਮੁਨਾਫ਼ਾ ਵਧਾਉਣ ਵਿਚ ਹੈ, ਉਹ ਕੰਮ ਦੀ ਤੇਜ਼ੀ ਨਾਲ, ਕਿਰਤ ਉਤਪਾਦਕਤਾ ਵਧਾ ਕੇ, ਮੁਨਾਫ਼ਾ ਵਧਾਏਗਾ।

ਮੰਨ ਲਵੋ ਕਿਰਤ-ਉਤਪਾਦਕਤਾ ਵਧ ਕੇ ਦੋ ਗੁਣਾਂ ਹੋ ਗਈ ਹੈ। ਇਸ ਨਾਲ "ਜ਼ਰੂਰੀ ਕੰਮ ਸਮਾਂ" ਅੱਧਾ (ਭਾਵ 4 ਘੰਟੇ ਦੀ ਥਾਂ) ਦੋ ਘੰਟੇ ਹੈ। ਇਸ 4 ਵਿੱਚੋਂ ਬਚੇ ਦੋ ਘੰਟੇ, ਵਾਧੂ ਕੰਮ ਸਮੇਂ ਦੇ ਪਹਿਲੇ 4 ਘੰਟਿਆਂ ਵਿਚ ਜੁੜ ਕੇ ਹੁਣ "ਵਾਧੂ ਕੰਮ ਸਮਾਂ"=6 ਘੰਟੇ ਹੋ ਗਿਆ ਹੈ।

"ਵਾਧੂ ਕੰਮ ਸਮਾਂ", ਵਾਧੂ-ਮੁੱਲ ਸਿਰਜਦਾ ਹੈ।

'ਸੂਤਰ' ਬਿਆਨ ਕਰੀਏ ਤਾਂ ਇਹ ਉਲਟ ਅਨੁਪਾਤੀ ਹੈ। ਜਿੰਨਾ "ਜ਼ਰੂਰੀ ਕੰਮ ਸਮਾਂ" ਘਟੇਗਾ, ਓਨਾ ਹੀ "ਵਾਧੂ ਕੰਮ ਸਮਾਂ" ਵਧੇਗਾ। ਇਹ ਜੁੜਿਆ ਹੈ।

ਇਹ "ਸਾਪੇਖ" (Relative) ਹੈ।

ਇਕ ਘਟੇਗਾ ਤਾਂ ਦੂਜਾ ਵਧੇਗਾ ਜਾਂ ਉਲਟ ਹੋਵੇਗਾ।

"ਜ਼ਰੂਰੀ ਕੰਮ ਸਮਾਂ" ਅਤੇ "ਵਾਧੂ ਕੰਮ ਸਮਾਂ" ਉਪਜਾਂ ਵਿੱਚ ਕੀ ਜੋੜਦੇ ਹਨ ?

ਇਹ ਜਾਨਣਾ, ਸਮਝਣਾ ਬਹੁਤ ਮਹੱਤਵਪੂਰਨ ਹੈ।.....

ਭਾਗ-4

* "ਜ਼ਰੂਰੀ ਕੰਮ ਸਮਾਂ" ਉਪਜਾਂ ਵਿਚ "ਮੁੱਲ" ਜੋੜਦਾ ਹੈ।

* "ਵਾਧੂ ਕੰਮ ਸਮਾਂ" ਉਪਜਾਂ ਵਿੱਚ "ਵਰਤੋਂ-ਮੁੱਲ" ਅਤੇ 'ਮਾਤਰਾ' ਪੈਦਾ ਕਰਦਾ ਹੈ।

ਜਿਵੇਂ-ਜਿਵੇਂ ਤਕਨੀਕੀ ਇਨਕਲਾਬਾਂ, ਨਕਲੀ ਬੌਧਿਕਤਾ ਨਾਲ "ਸਾਪੇਖ ਵਾਧੂ-ਮੁੱਲ" ਵਧਦਾ ਹੈ,

ਤਿਵੇਂ-ਤਿਵੇਂ ਉਲਟ ਅਨੁਪਾਤੀ ਹੋਣ ਕਾਰਨ "ਜ਼ਰੂਰੀ ਕੰਮ-ਸਮਾਂ" ਘਟਦਾ ਹੈ। ਨਤੀਜੇ ਵਜੋਂ ਲਾਗਤੀ "ਮੁੱਲ" ਘਟਦੀ ਪ੍ਰਵਿਰਤੀ ਨਾਲ, ਨਾ ਮਾਤਰ ਅਦਾਇਗੀ ਵੱਲ ਝੁਕਦੇ ਜਾਂਦੇ ਹਨ। ਲਾਗਤੀ-ਖਰਚ ਘੱਟਣ ਨਾਲ ਉਪਜਾਂ ਦਾ ਮੁੱਲ ਘਟਦਾ ਹੈ, ਕੀਮਤਾਂ ਘਟਦੀਆਂ ਹਨ। ਉਪਜਾਂ (ਜਿਣਸਾਂ) 'ਵਰਤੋਂ-ਮੁੱਲ' ਦੇ ਗੁਣ ਦਾ ਰਾਹ ਫੜਦੀਆਂ ਹਨ। ਫਿਰ ਸਮਾਜਿਕ ਲੋੜ ਪੂਰਤੀ ਦੀ ਯੋਜਨਾਬੰਦੀ ਨਾਲ, ਉਪਜਾਂ ਤਿਆਰ ਹੋਣ ਲੱਗਦੀਆਂ ਹਨ।

"ਜ਼ਰੂਰੀ ਕੰਮ ਸਮਾਂ" ਜੀਵਤ ਕਿਰਤ (ਕਿਰਤੀ) ਦਾ ਕਾਰਜ ਹੈ। ਉਤਪਾਦਕਤਾ ਦੇ ਵਾਧੇ ਨਾਲ ਕਿਰਤੀ ਦੀ ਲੋੜ, ਵਰਤੋਂ ਦਰ, ਘਟਦੀ ਜਾਂਦੀ ਹੈ। ਕਿਰਤੀ ਦੀ ਵਰਤੋਂ (ਲੋੜ) ਘਟ ਜਾਂਦੀ ਹੈ। ਸਰਮਾਏਦਾਰੀ ਪ੍ਰਬੰਧ ਕਾਰਨ ਬੇਰੁਜ਼ਗਾਰੀ ਦਰ ਵਧਦੀ ਜਾਂਦੀ ਹੈ। ਸਰਮਾਏਦਾਰੀ, ਬੇਰੁਜ਼ਗਾਰ ਪੈਦਾ ਕਰਦੀ ਹੈ।

ਸਰਮਾਏਦਾਰ ਦੀ ਰੁਚੀ ਵੱਧ ਮੁਨਾਫਾ ਬਟੋਰਨ ਵਿੱਚ ਹੈ। ਮੁਨਾਫਾ, "ਕੰਮ ਦਿਨ ਦੀ ਕਾਨੂੰਨੀ ਸੀਮਾ" ਵਿਚ "ਵਾਧੂ ਕੰਮ ਸਮੇਂ" ਦੇ ਵੱਡਾ ਹੋਣ ਨਾਲ ਜੁੜਿਆ ਹੈ। ਇਸ ਲਈ ਸਰਮਾਏਦਾਰ "ਜ਼ਰੂਰੀ ਕੰਮ ਸਮੇਂ" ਨੂੰ ਘਟਾਉਣ ਵਿਚ ਰੁਚੀ ਰੱਖਦਾ ਹੈ। ਸਾਰੇ ਤਕਨੀਕੀ ਇਨਕਲਾਬ ਕਿਰਤ ਅਮਲ ਵਿਚ, ਜੀਵਤ-ਕਿਰਤ ਦਾ ਹਿੱਸਾ, ਭਾਵ ਕੰਮ-ਦਿਨ ਵਿਚ 'ਜ਼ਰੂਰੀ-ਕੰਮ-ਸਮੇਂ' ਨੂੰ ਘਟਾਉਣ ਦੇ ਉਦੇਸ਼ ਵਾਲੇ ਹੁੰਦੇ ਹਨ।

ਬੁਰਜੂਆ ਸੂਤਰ ਹੈ: "ਜ਼ਰੂਰੀ ਕੰਮ ਸਮਾਂ ਘਟਾਓ, ਵੱਧ ਮੁਨਾਫਾ ਪਾਓ"। ਜਿੰਨਾ ਮੁਨਾਫਾ ਵੱਧ, ਓਨੀ ਬੇਰੁਜ਼ਗਾਰੀ ਵੱਧ ਹੋਵ

27-Aug-Sunday.qxd 8/26/2023 9:02 PM Page 5

ਸਰਕਾਰ ਨਾਲ ਸਿੱਧੇ ਟਕਰਾਅ ਵੱਲ ਤੁਰੇ ਗਵਰਨਰ ਪੁਰੋਹਿਤ, ਪੰਜਾਬ ਦੇ ਭਵਿੱਖ ਲਈ ਮਾੜੇ ਸੰਕੇਤ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਹੱਥਲੀ ਲਿਖਤ ਲਿਖਦੇ ਵਕਤ ਸਾਡੇ ਸਾਹਮਣੇ ਪੰਜਾਬ ਦੇ ਮੌਜੂਦਾ ਗਵਰਨਰ ਬਨਵਾਰੀ ਲਾਲ ਪੁਰੋਹਿਤ ਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਝੀ ਅਗਸਤ ਨੂੰ ਲਿਖਿਆ ਪੱਤਰ ਪਿਆ ਹੈ। ਇਸ ਪੱਤਰ ਵਿੱਚ ਉਨ੍ਹਾ ਨੇ ਮੁੱਖ ਮੰਤਰੀ ਨੂੰ ਸਿੱਧੀ ਬੋਲੀ ਵਿੱਚ ਕਹਿ ਦਿੱਤਾ ਹੈ ਕਿ ਮੁੱਖ ਮੰਤਰੀ ਨੇ ਉਨ੍ਹਾ ਦੀਆਂ ਲਿਖੀਆਂ ਚਿੱਠੀਆਂ ਦਾ ਕਦੀ ਜਵਾਬ ਨਹੀਂ ਦਿੱਤਾ, ਸੰਵਿਧਾਨ ਅਨੁਸਾਰ ਇਹ ਦੇਣਾ ਚਾਹੀਦਾ ਸੀ। ਉਨ੍ਹਾ ਮੁੱਖ ਮੰਤਰੀ ਵੱਲੋਂ ਕੀਤੀਆਂ ਕਈ ਟਿਪਣੀਆਂ ਦਾ ਵੀ ਜ਼ਿਕਰ ਕਰ ਕੇ ਅੰਤ ਵਿੱਚ ਸੰਵਿਧਾਨ ਦੀਆਂ ਕੁਝ ਧਾਰਾਵਾਂ ਦੇ ਹਵਾਲੇ ਦੇ ਕੇ ਸਾਫ ਧਮਕੀ ਦਿੱਤੀ ਹੈ ਕਿ ਉਹ ਰਾਜ ਸਰਕਾਰ ਵਿਰੁੱਧ ਰਾਸ਼ਟਰਪਤੀ ਨੂੰ ਆਪਣੀ ਸਿਫਾਰਸ਼ ਭੇਜ ਸਕਦੇ ਹਨ। ਇਹ ਆਖਰੀ ਕਦਮ ਹੈ, ਜਿਹੜਾ ਕੋਈ ਗਵਰਨਰ ਕਿਸੇ ਸਰਕਾਰ ਵਿਰੁੱਧ ਚੁੱਕ ਸਕਦਾ ਹੈ ਤੇ ਜਦੋਂ ਏਦਾਂ ਦੀ ਸਿਫਾਰਸ਼ ਚਲੀ ਜਾਵੇ ਤਾਂ ਕੇਂਦਰ ਸਰਕਾਰ ਇਸ ਬਾਰੇ ਮੀਟਿੰਗ ਕਰਦੀ ਅਤੇ ਆਮ ਤੌਰ ਉੱਤੇ ਸੰਬੰਧਤ ਰਾਜ ਦੀ ਸਰਕਾਰ ਵਿਰੁੱਧ ਕਾਰਵਾਈ ਕਰਨ ਲਈ ਰਾਸ਼ਟਰਪਤੀ ਨੂੰ ਅਗਲੀ ਸਿਫਾਰਸ਼ ਕਰ ਦੇਂਦੀ ਹੈ। ਅਸਲੀਅਤ ਇਹ ਹੈ ਕਿ ਹਰ ਗਵਰਨਰ ਦੇ ਕੋਲ ਹਰ ਸਰਕਾਰ ਵਿਰੁੱਧ ਏਦਾਂ ਦੀ ਰਿਪੋਰਟ ਭੇਜਣ ਦਾ ਮਸਾਲਾ ਹਰ ਵਕਤ ਜਮ੍ਹਾਂ ਹੁੰਦਾ ਹੈ ਅਤੇ ਭਾਵੇਂ ਕੇਂਦਰ ਅਤੇ ਰਾਜ ਵਿੱਚ ਇੱਕ ਪਾਰਟੀ ਦੀ ਸਰਕਾਰ ਵੀ ਹੋਵੇ, ਗਵਰਨਰ ਏਦਾਂ ਦੀ ਤਿਆਰੀ ਹਮੇਸ਼ਾ ਕਰਦੇ ਰਹਿੰਦੇ ਹਨ ਕਿ ਜੇ ਕਦੇ ਆਪਣਾ ਬੰਦਾ ਵੀ ਬਾਗੀ ਹੁੰਦਾ ਨਜ਼ਰ ਪਵੇ ਤਾਂ ਉਸ ਦੇ ਹੇਠੋਂ ਵੀ ਫੱਟਾ ਖਿੱਚਣ ਵਿੱਚ ਦੇਰ ਨਾ ਹੋਵੇ। ਸਾਰੀ ਫਾਈਲ ਤਿਆਰ ਰੱਖੀ ਜਾਣ ਦੇ ਬਾਵਜੂਦ ਕਦੇ ਕੋਈ ਗਵਰਨਰ ਏਦਾਂ ਦੀ ਸਿਫਾਰਸ਼ ਆਪਣੇ ਆਪ ਨਹੀਂ ਭੇਜਦਾ, ਕੇਂਦਰ ਸਰਕਾਰ ਨਾਲ ਸਿੱਧੀਆਂ ਵਿਚਾਰਾਂ ਜਾਂ ਵਿਚਲੇ ਕੁਝ ਲੋਕਾਂ ਦੇ ਰਾਹੀਂ ਸਲਾਹਾਂ ਦੀ ਲੜੀ ਚਲਾਈ ਰੱਖਦਾ ਹੈ, ਜਦੋਂ ਕੇਂਦਰ ਸਰਕਾਰ ਕਹਿ ਦੇਵੇ ਕਿ ਏਹੋ ਜਿਹੀ ਫਾਈਲ ਭੇਜ ਦੇਵੋ ਤਾਂ ਦਸਾਂ ਮਿੰਟਾਂ ਵਿੱਚ ਇਹ ਕੰਮ ਕਰਨ ਲਈ ਅਗੇਤੀ ਬਣਾ ਕੇ ਰੱਖੀ ਚਿੱਠੀ ਫਾਈਲ ਨਾਲ ਨੱਥੀ ਕਰਦਾ ਅਤੇ ਕੇਂਦਰ ਵੱਲ ਭੇਜ ਦੇਂਦਾ ਹੈ। ਜਿੱਦਾਂ ਦੀ ਦਬਕੇ ਦੀ ਭਾਸ਼ਾ ਨਾਲ ਭਰੀ ਚਿੱਠੀ ਪੰਜਾਬ ਦੇ ਗਵਰਨਰ ਨੇ ਇਸ ਵਾਰੀ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜੀ ਹੈ, ਇਸ ਤੋਂ ਲੱਗਦਾ ਹੈ ਕਿ ਕੇਂਦਰ ਸਰਕਾਰ ਇਸ ਸਰਕਾਰ ਨੂੰ ਝੁਕਾਉਣ ਜਾਂ ਲਾਂਭੇ ਕਰਨ ਦਾ ਮਨ ਬਣਾ ਚੁੱਕੀ ਹੋ ਸਕਦੀ ਹੈ। ਅੱਗੋਂ ਭਗਵੰਤ ਮਾਨ ਜਾਂ ਉਸ ਦੀ ਪਾਰਟੀ ਇਸ ਤੋਂ ਬਚਣ ਦਾ ਰਾਹ ਲੱਭੇਗੀ ਜਾਂ ਟੱਕਰ ਲਈ ਅੱਗੇ ਵਧੇਗੀ, ਕਹਿ ਸਕਣਾ ਔਖਾ ਹੈ।

ਸੱਚਾਈ ਇਹ ਹੈ ਕਿ ਪਿਛਲੇ ਸਮੇਂ ਵਿੱਚ ਦੋਵਾਂ ਧਿਰਾਂ ਦਾ ਵਿਹਾਰ ਇੱਕ-ਦੂਸਰੇ ਨਾਲ ਤਾਲਮੇਲ ਕਰਨ ਦੀ ਥਾਂ ਸਿੱਧੇ ਜਾਂ ਵਲਾਵੇਂਦਾਰ ਮਿਹਣੇ ਮਾਰਨ ਤੇ ਲੋਕ-ਕਚਹਿਰੀ ਵਿੱਚ ਬੁਰਾ ਬਣਾਉਣ ਵਾਲਾ ਰਿਹਾ ਹੈ। ਜਿਹੜੇ ਰੰਗ ਗਵਰਨਰ ਸਾਹਿਬ ਨੇ ਪੰਜਾਬ ਸਰਕਾਰ ਲਈ ਵਿਖਾਏ ਹਨ, ਅੱਜ ਤੱਕ ਇਹ ਰੰਗ ਕਦੇ ਵੇਖੇ ਹੀ ਨਹੀਂ ਸਨ। ਅਸੀਂ ਲੋਕ ਗਵਰਨਰਾਂ ਦੇ ਦਾਬੇ ਤੇ ਉਨ੍ਹਾਂ ਵੱਲੋਂ ਏਦਾਂ ਦੀਆਂ ਸਿਫਾਰਸ਼ਾਂ ਭੇਜਣ ਪਿੱਛੋਂ ਪੰਜਾਬ ਦੀਆਂ ਸਰਕਾਰਾਂ ਤੋੜਨ ਦੀਆਂ ਘਟਨਾਵਾਂ ਕਈ ਵਾਰ ਵੇਖ ਚੁੱਕੇ ਹਾਂ। ਸਾਡੀ ਜਾਣਕਾਰੀ ਮੁਤਾਬਕ ਪਹਿਲੀ ਵਾਰ ਰਾਸ਼ਟਰਪਤੀ ਰਾਜ ਵੀ ਪੰਜਾਬ ਵਿੱਚ ਲਾਇਆ ਗਿਆ ਸੀ, ਜਦੋਂ ਦੋ ਕਾਂਗਰਸੀ ਮੁੱਖ ਮੰਤਰੀਆਂ ਗੋਪੀ ਚੰਦ ਭਾਰਗੋ ਤੇ ਭੀਮ ਸੈਨ ਸੱਚਰ ਦੀ ਖਿੱਚੋਤਾਣ ਕਿਸੇ ਪਾਸੇ ਲੱਗਦੀ ਨਹੀਂ ਸੀ। ਫਿਰ ਦੂਸਰਾ ਰਾਸ਼ਟਰਪਤੀ ਰਾਜ ਵੀ ਪੰਜਾਬ ਦੀਆਂ ਕੁਝ ਰਿਆਸਤਾਂ ਨੂੰ ਮਿਲਾ ਕੇ ਬਣਾਏ ਪੈਪਸੂ ਰਾਜ ਦੀ ਸਰਕਾਰ ਤੋੜ ਕੇ ਲਾਇਆ ਗਿਆ ਸੀ ਤੇ ਤੀਸਰੀ ਵਾਰ ਕੁਝ ਸਾਲ ਪਿੱਛੋਂ ਇਹੋ ਕੁਝ ਦੱਖਣ ਦੇ ਰਾਜ ਕੇਰਲਾ ਵਿੱਚ ਪਹਿਲੀ ਵਾਰ ਵੋਟਾਂ ਨਾਲ ਚੁਣੀ ਗਈ ਕਮਿਊਨਿਸਟ ਸਰਕਾਰ ਤੋੜਨ ਵੇਲੇ ਹੋਇਆ ਸੀ। ਪੰਜਾਬ ਸਭ ਤੋਂ ਵੱਧ ਵਾਰੀ ਇਸ ਤਰ੍ਹਾਂ ਰਾਸ਼ਟਰਪਤੀ ਰਾਜ ਲੱਗਣ ਦੀ ਸੱਟ ਖਾਣ ਵਾਲੇ ਤਿੰਨ ਰਾਜਾਂ ਵਿੱਚੋਂ ਇੱਕ ਸੀ ਅਤੇ ਅੱਜ ਫਿਰ ਓਸੇ ਦੋਰਾਹੇ ਉੱਤੇ ਖੜਾ ਜਾਪਦਾ ਹੈ।

ਸਮਾਜੀ ਜੀਵਨ ਵਿੱਚ ਆਉਣ ਮਗਰੋਂ ਅਸੀਂ ਐਮਰਜੈਂਸੀ ਦੇ ਬਾਅਦ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਤੋੜਨ ਦਾ ਮੋਰਾਰਜੀ ਡਿਸਾਈ ਸਰਕਾਰ ਦਾ ਵੇਲਾ ਪਹਿਲੀ ਵਾਰ ਵੇਖਿਆ ਸੀ। ਜਿਨ੍ਹਾਂ ਸੱਜਣਾਂ ਨੇ ਉਹ ਸਰਕਾਰ ਤੁੜਵਾਈ, ਪੌਣੇ ਤਿੰਨ ਸਾਲਾਂ ਪਿੱਛੋਂ ਉਹ ਖੁਦ ਇੰਦਰਾ ਗਾਂਧੀ ਸਰਕਾਰ ਤੋਂ ਇਹੋ ਸੱਟ ਖਾ ਬੈਠੇ ਸਨ। ਇਸ ਪਿੱਛੋਂ ਕਾਂਗਰਸ ਦੇ ਦਰਬਾਰਾ ਸਿੰਘ ਦੀ ਸਰਕਾਰ ਵੀ ਸਾਢੇ ਤਿੰਨ ਸਾਲ ਪੂਰੇ ਹੋਣ ਤੋਂ ਪਹਿਲਾਂ ਤੋੜ ਕੇ ਰਾਸ਼ਟਰਪਤੀ ਰਾਜ ਲਾਉਣ ਦੀ ਨੌਬਤ ਆਈ ਤੇ ਅਗਲੇ ਸਾਲਾਂ ਵਿੱਚ ਵੱਡੀਆਂ ਸੋਗੀ ਘਟਨਾਵਾਂ ਪਿੱਛੋਂ ਬਣੀ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਦੋ ਸਾਲ ਪੂਰੇ ਕਰਨੋਂ ਪਹਿਲਾਂ ਏਸੇ ਤਰ੍ਹਾਂ ਤੋੜੀ ਗਈ ਸੀ। ਇਨ੍ਹਾਂ ਸਾਰੇ ਮੌਕਿਆਂ ਉੱਤੇ ਪੰਜਾਬ ਦਾ ਹੰਢਾਇਆ ਸਮਾਂ ਸਾਰੇ ਦੇਸ਼ ਵਿੱਚ ਸਭ ਤੋਂ ਵੱਧ ਹੁੰਦਾ ਸੀ, ਪਰ ਜੰਮੂ-ਕਸ਼ਮੀਰ ਵਿੱਚ ਪਿਛਲੇ ਚਾਰ ਸਾਲਾਂ ਦੇ ਦੌਰ ਨੇ ਉਸ ਦੇ ਰਾਸ਼ਟਰਪਤੀ ਰਾਜ ਦਾ ਸਮਾਂ ਬਾਕੀ ਸਾਰੇ ਰਾਜਾਂ ਨਾਲੋਂ ਵਧਾ ਕੇ ਪਹਿਲੇ ਥਾਂ ਪੁਚਾ ਦਿੱਤਾ ਹੈ। ਅੱਗੋਂ ਕੀ ਕੁਝ ਹੋ ਸਕਦਾ ਹੈ, ਕੋਈ ਕਹਿਣ ਜੋਗਾ ਨਹੀਂ।

ਪੰਜਾਬ ਦੇ ਮੌਜੂਦਾ ਗਵਰਨਰ ਅਤੇ ਮੌਜੂਦਾ ਮੁੱਖ ਮੰਤਰੀ ਦੀ ਖਿੱਚੋਤਾਣ ਬਾਰੇ ਅਸੀਂ ਪਹਿਲੇ ਦਿਨੋਂ ਇਹ ਕਹਿ ਰਹੇ ਹਾਂ ਕਿ ਇਹ ਇਸ ਰਾਜ ਅਤੇ ਰਾਜ ਦੇ ਲੋਕਾਂ ਦੇ ਹਿੱਤ ਵਿੱਚ ਚੰਗੀ ਨਹੀਂ। ਦੋਵਾਂ ਧਿਰਾਂ ਨੂੰ ਕੁਝੱਤਣ ਮੁਕਾਉਣ ਵਾਸਤੇ ਨਾ ਸਹੀ, ਘਟਾਉਣ ਲਈ ਵੀ ਜੋ ਕੁਝ ਹੋ ਸਕਦਾ ਸੀ, ਉਹ ਕੀਤਾ ਨਹੀਂ ਗਿਆ। ਕੁਝ ਲੋਕ ਕਹਿੰਦੇ ਹਨ ਕਿ ਕਿਸੇ ਰਾਜ ਵਿੱਚ ਦੇਸ਼ ਦੇ ਸੰਵਿਧਾਨ ਦੀ ਧਾਰਾ ਤਿੰਨ ਸੌ ਛਪੰਜਾ ਲਾਗੂ ਕਰਨ ਬਾਰੇ ਸੁਪਰੀਮ ਕੋਰਟ ਦੇ ਬੀਤੇ ਸਮੇਂ ਦੇ ਕੁਝ ਫੈਸਲੇ ਏਦਾਂ ਦੇ ਹਨ ਕਿ ਕੇਂਦਰ ਸਰਕਾਰ ਨੂੰ ਇਹ ਕੰਮ ਕਰਨ ਤੋਂ ਪਹਿਲਾਂ ਕੁਝ ਸੋਚਣਾ ਪਵੇਗਾ। ਇਹ ਗੱਲ ਠੀਕ ਨਹੀਂ। ਕੁਝੱਤਣ ਜਿੰਨੀ ਵਧਦੀ ਗਈ ਸੀ, ਦਿੱਲੀ ਬਾਰੇ ਵੀ ਅਸੀਂ ਪਹਿਲਾਂ ਕਹਿ ਦਿੱਤਾ ਸੀ ਕਿ ਕੇਂਦਰ ਸਰਕਾਰ ਉਸ ਦੇ ਅੱਗੇ ਕੰਡੇ ਬੀਜਣ ਲਈ ਇਹੋ ਜਿਹਾ ਕੁਝ ਕਰ ਸਕਦੀ ਹੈ, ਜਿਸ ਦਾ ਤੋੜ ਨਹੀਂ ਨਿਕਲਣਾ ਅਤੇ ਉਹ ਹੋ ਗਿਆ ਸੀ। ਸਰਕਾਰ ਉਹ ਤੋੜੀ ਨਹੀਂ ਗਈ, ਪਰ ਮੁੱਖ ਮੰਤਰੀ ਹੁੰਦੇ ਹੋਏ ਵੀ ਉਸ ਦਾ ਅਧਿਕਾਰ ਕੋਈ ਨਹੀਂ ਰਹਿਣ ਦਿੱਤਾ ਗਿਆ ਤੇ ਕੇਂਦਰ ਸਰਕਾਰ ਨੇ ਇਹ ਕੁਝ ਸਿਰਫ ਆਰਡੀਨੈਂਸ ਜਾਰੀ ਕਰ ਕੇ ਅਤੇ ਫਿਰ ਕੁਝ ਵਾਧੇ-ਘਾਟੇ ਨਾਲ ਓਸੇ ਨੂੰ ਬਿੱਲ ਵਜੋਂ ਪਾਸ ਕਰ ਕੇ ਜ਼ਿਦ ਪੂਰੀ ਕਰ ਲਈ ਹੈ। ਅੱਜ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਹੈ, ਪਰ ਅਧਿਕਾਰ ਉਸ ਦੇ ਕੋਈ ਖਾਸ ਨਹੀਂ ਰਹੇ।

ਸੰਵਿਧਾਨ ਦੀ ਧਾਰਾ ਤਿੰਨ ਸੌ ਛਪੰਜਾ ਬਾਰੇ ਇਹ ਗਲਤ ਸਮਝ ਹੈ ਕਿ ਉਸ ਦੀ ਵਰਤੋਂ ਨਾਲ ਰਾਜ ਸਰਕਾਰ ਤੋੜੀ ਜਾਣ ਦਾ ਕੰਮ ਹੀ ਹੁੰਦਾ ਹੈ, ਅਸਲੀਅਤ ਇਹ ਹੈ ਕਿ ਕਿਸੇ ਮੁਕੰਮਲ ਰਾਜ ਦੀ ਸਰਕਾਰ ਨੂੰ ਵੀ ਅਰਵਿੰਦ ਕੇਜਰੀਵਾਲ ਦੀ ਸਰਕਾਰ ਵਾਂਗ ਅਸਲੋਂ ਨਕਾਰਾ ਕਰ ਦੇਣ ਦਾ ਪ੍ਰਬੰਧ ਇਸ ਸੰਵਿਧਾਨਕ ਧਾਰਾ ਵਿੱਚ ਮੌਜੂਦ ਹੈ। ਇਹ ਧਾਰਾ ਕਹਿੰਦੀ ਹੈ ਕਿ ਗਵਰਨਰ ਦੀ ਸਿਫਾਰਸ਼ ਨਾਲ ਜੇ ਰਾਸ਼ਟਰਪਤੀ ਦੀ ਤਸੱਲੀ ਹੋ ਜਾਵੇ ਕਿ ਰਾਜ ਸਰਕਾਰ ਠੀਕ ਨਹੀਂ ਚਲਦੀ ਤਾਂ ਉਸ ਵਕਤ ਉਸ ਸਰਕਾਰ ਦੇ ਸਾਰੇ ਅਧਿਕਾਰ ਜਾਂ ਜਿੰਨੇ ਅਧਿਕਾਰ ਚਾਹੇ, ਉਸ ਤੋਂ ਖੋਹ ਕੇ ਆਪਣੇ ਹੱਥ ਲੈਣ ਵਾਲਾ ਕੰਮ ਕਰ ਸਕਦਾ ਹੈ। ਓਸੇ ਧਾਰਾ ਦੀ ਦੂਸਰੀ ਉੱਪ-ਧਾਰਾ ਮੁਤਾਬਕ ਉਸ ਰਾਜ ਦੀ ਵਿਧਾਨ ਸਭਾ ਨੂੰ ਮਿਲੀਆਂ ਹੋਈਆਂ ਸਭ ਤਾਕਤਾਂ ਵੀ ਰਾਸ਼ਟਰਪਤੀ ਉਸ ਤੋਂ ਵਾਪਸ ਲੈ ਸਕਦਾ ਹੈ। ਰਾਜ ਸਰਕਾਰ ਤੋਂ ਜਾਂ ਰਾਜ ਦੀ ਵਿਧਾਨ ਸਭਾ ਤੋਂ ਜਿਹੜੇ ਅਧਿਕਾਰ ਵੀ ਰਾਸ਼ਟਰਪਤੀ ਨੇ ਖੋਹਣੇ ਹਨ, ਉਹ ਕਹਿਣ ਨੂੰ ਰਾਸ਼ਟਰਪਤੀ ਨੇ ਖੋਹਣੇ ਹਨ, ਅਸਲ ਵਿੱਚ ਫੈਸਲਾ ਵੀ ਕੇਂਦਰ ਸਰਕਾਰ ਨੇ ਕਰਨਾ ਹੁੰਦਾ ਹੈ ਅਤੇ ਜਦੋਂ ਉਹ ਰਾਜ ਸਰਕਾਰ ਟੁੱਟ ਜਾਵੇ, ਫਿਰ ਉਸ ਦਾ ਰਾਜ ਪ੍ਰਬੰਧ ਵੀ ਕੇਂਦਰ ਦੇ ਗ੍ਰਹਿ ਮੰਤਰਾਲੇ ਦੇ ਰਾਹੀਂ ਓਥੋਂ ਚਲਾਇਆ ਜਾਂਦਾ ਅਸੀਂ ਕਈ ਵਾਰ ਵੇਖ ਚੁੱਕੇ ਹਾਂ। ਇਹੋ ਜਿਹੀ ਨੌਬਤ ਆਉਣ ਤੋਂ ਰੋਕਣ ਦਾ ਇੱਕੋ ਤਰੀਕਾ ਹੁੰਦਾ ਹੈ ਕਿ ਦੂਵੱਲੀ ਕੁਝੱਤਣ ਘਟਾ ਕੇ ਹਾਲਾਤ ਏਦਾਂ ਦੇ ਬਣਾਏ ਜਾਣ ਕਿ ਕੇਂਦਰ ਸਰਕਾਰ ਇਹੋ ਜਿਹਾ ਕਦਮ ਨਾ ਚੁੱਕੇ ਅਤੇ ਦੂਸਰਾ ਤਰੀਕਾ ਇਸ ਨੂੰ ਰੋਕਣ ਲਈ ਸੁਪਰੀਮ ਕੋਰਟ ਵਿੱਚ ਅਗੇਤੀ ਪਹੁੰਚ ਦੀ ਅਰਜ਼ੀ ਦਾ ਹੋ ਸਕਦਾ ਹੈ। ਅਗੇਤੀ ਅਰਜ਼ੀ ਨਾਲ ਏਦਾਂ ਦਾ ਕੋਈ ਕਦਮ ਰੁਕਣਾ ਹੁੰਦਾ ਤਾਂ ਸੁਪਰੀਮ ਕੋਰਟ ਵੱਲੋਂ ਦਿੱਲੀ ਸਰਕਾਰ ਦੇ ਹੱਕ ਵਿੱਚ ਫੈਸਲਾ ਕਰ ਦੇਣ ਦੇ ਬਾਅਦ ਕੇਂਦਰ ਸਰਕਾਰ ਨੇ ਉਹ ਕਦਮ ਨਹੀਂ ਸੀ ਚੁੱਕਣਾ, ਜਿਹੜਾ ਕੇਜਰੀਵਾਲ ਦੇ ਖਿਲਾਫ ਚੁੱਕਿਆ ਗਿਆ ਤੇ ਪਾਰਲੀਮੈਂਟ ਤੋਂ ਬਿੱਲ ਪਾਸ ਕਰਵਾ ਕੇ ਕਾਨੂੰਨੀ ਮੋਹਰ ਲਾਈ ਗਈ ਹੈ। ਇਸ ਲਈ ਪੰਜਾਬ ਦੀ ਸਰਕਾਰ ਦਾ ਕੀ ਬਣੇਗਾ, ਇਸ ਬਾਰੇ ਕੇਂਦਰ ਦਾ ਇਰਾਦਾ ਵੀ ਸੁਪਰੀਮ ਕੋਰਟ ਦੇ ਦਖਲ ਨਾਲ ਬਦਲ ਸਕਣ ਦੀ ਬਹੁਤੀ ਆਸ ਨਹੀਂ।

ਕੁੱਲ ਮਿਲਾ ਕੇ ਸਥਿਤੀ ਏਦਾਂ ਦੀ ਹੈ ਕਿ ਪੰਜਾਬ ਦੇ ਹਾਲਾਤ ਲਗਾਤਾਰ ਜਿਸ ਪਾਸੇ ਵਧੀ ਜਾਂਦੇ ਹਨ ਤੇ ਅੱਗੇ ਕੋਈ ਸਪੀਡ-ਬਰੇਕਰ ਨਹੀਂ ਦਿੱਸਦਾ, ਉਸ ਤੋਂ ਹਰ ਪੰਜਾਬੀ ਨੂੰ ਚਿੰਤਤ ਹੋਣਾ ਚਾਹੀਦਾ ਹੈ। ਗੁਜਰਾਤ ਦੀ ਇੱਕ ਯੂਨੀਵਰਸਿਟੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਿਗਰੀ ਬਾਰੇ ਕੀਤੇ ਗਏ ਕੇਸ ਵਿੱਚ ਅਰਵਿੰਦ ਕੇਜਰੀਵਾਲ ਸੁਪਰੀਮ ਕੋਰਟ ਦਾ ਚੱਕਰ ਲਾ ਮੁੜਿਆ ਹੈ, ਪਰ ਰਾਹਤ ਨਹੀਂ ਮਿਲੀ। ਇਸ ਪਿੱਛੋਂ ਸਿਰਫ ਇਹੋ ਨਹੀਂ ਕਿ ਉਸ ਕੇਸ ਲਈ ਉਸ ਨੂੰ ਉਸੇ ਰਾਜ ਦੀ ਇੱਕ ਅਦਾਲਤ ਵਿੱਚ ਜਾਣਾ ਪੈ ਜਾਣਾ ਹੈ, ਜਿੱਥੇ ਰਾਹੁਲ ਗਾਂਧੀ ਨਾਲ ਜੋ ਕੁਝ ਹੋਇਆ, ਸਾਰੇ ਲੋਕਾਂ ਨੂੰ ਪਤਾ ਹੈ, ਸਗੋਂ ਦਿੱਲੀ ਵਾਲੇ ਬਿੱਲ ਬਾਰੇ ਪਾਰਲੀਮੈਂਟ ਵਿੱਚ ਬਹਿਸ ਮੌਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੋ ਸ਼ਬਦ ਉਸ ਬਾਰੇ ਕਹੇ ਸਨ, ਉਹ ਵੀ ਸਾਫ ਦੱਸਦੇ ਹਨ ਕਿ ਗੱਲ ਕਾਫੀ ਦੂਰ ਤੱਕ ਜਾ ਸਕਦੀ ਹੈ। ਸੰਵਿਧਾਨ ਅਤੇ ਅਦਾਲਤੀ ਸੁਣਵਾਈਆਂ ਦੇ ਬਹੁਤ ਸਾਰੇ ਮਾਹਰ ਦੋਵਾਂ ਧਿਰਾਂ ਕੋਲ ਹਨ, ਪਰ ਇੱਕ ਸ਼ਕਤੀ ਕੇਂਦਰ ਸਰਕਾਰ ਦੇ ਕੋਲ ਅਤੇ ਸਿਰਫ ਉਸੇ ਕੋਲ ਹੈ ਕਿ ਜਿਹੜੀ ਵੀ ਸੰਵਿਧਾਨਕ ਵਿਵਸਥਾ ਉਸ ਨੂੰ ਰਾਸ ਨਾ ਆਉਂਦੀ ਹੋਵੇ, ਉਸ ਨੂੰ ਪਾਰਲੀਮੈਂਟ ਤੋਂ ਪਾਸ ਕਰਵਾ ਕੇ ਸੋਧ ਸਕਦੀ ਹੈ। ਦੇਸ਼ ਦੇ ਸੰਵਿਧਾਨ ਵਿੱਚ ਜੇ ਪਹਿਲਾਂ ਇੱਕ ਸੌ ਪੰਜ ਸੋਧਾਂ ਹੋ ਚੁੱਕੀਆਂ ਹਨ ਅਤੇ ਇਹ ਸੋਧਾਂ ਹਰ ਪਾਰਟੀ ਦੀ ਸਰਕਾਰ ਦੇ ਵਕਤ ਏਸੇ ਤਰ੍ਹਾਂ ਹੁੰਦੀਆਂ ਰਹੀਆਂ ਹੋਣ ਦਾ ਰਿਕਾਰਡ ਹੈ ਤਾਂ ਅਗਲੀ ਉਹ ਸੋਧ ਕਰਨ ਤੋਂ ਮੌਜੂਦਾ ਕੇਂਦਰ ਸਰਕਾਰ ਨੂੰ ਕੋਈ ਤਾਕਤ ਰੋਕ ਨਹੀਂ ਸਕੇਗੀ, ਜਿਸ ਵਿੱਚ ਕਿਸੇ ਰਾਜ ਦੀ ਸਰਕਾਰ ਤੋੜੇ ਬਿਨਾਂ ਉਸ ਰਾਜ ਦੀ ਕਮਾਂਡ ਕੇਂਦਰ ਆਪਣੇ ਹੱਥ ਲੈ ਸਕਦਾ ਹੈ। ਏਦਾਂ ਦੇ ਹਾਲਾਤ ਵਿੱਚ ਪੰਜਾਬ ਜਿਸ ਮੰਝਧਾਰ ਵਿੱਚ ਫਸ ਸਕਦਾ ਹੈ ਜਾਂ ਫਸਾਇਆ ਜਾ ਸਕਦਾ ਹੈ, ਉਸ ਬਾਰੇ ਸੋਚਣਾ ਵੀ ਨੀਂਦ ਉਡਾ ਸਕਦਾ ਹੈ। ਅਗਲੇ ਦਿਨ ਪੰਜਾਬ ਲਈ ਕੁਝ ਚੰਗੇ ਸੰਕੇਤ ਨਹੀਂ ਦੇਂਦੇ ਜਾਪਦੇ।

ਭਾਰਤ ਆਪਣੇ ਨਾਨਕਿਆਂ ਦੇ ਪਹੁੰਚਿਆ

ਸੁਲਝਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਕਿਉਂਕਿ ਸਭ ਭਾਰਤੀ ਚੰਦਰਮਾ (ਚੰਦ) ਨੂੰ ਅਕਸਰ ਚੰਦ ਮਾਮੇ ਨਾਲ ਪੁਕਾਰਦੇ ਹਨ। ਭਾਵ ਸਾਡੀ ਮਾਂ (ਧਰਤੀ) ਦਾ ਭਰਾ ਲੱਗਣ ਕਰਕੇ ਸਭ ਚੰਦਾ ਮਾਮਾ ਹੀ ਆਖਦੇ ਹਨ। ਜਿਸ 'ਤੇ ਭਾਰਤ ਦਾ ਖੋਜ ਸੰਗਠਨ (ਇਸਰੋ) ਦੇ ਚੰਦਰਯਾਨ-3 ਨੇ 3 ਲੱਖ 84 ਹਜ਼ਾਰ, 400 ਕਿਲੋਮੀਟਰ ਤੈਅ ਕਰਕੇ 23 ਅਗਸਤ 2023 ਨੂੰ ਸ਼ਾਮ ਦੇ ਠੀਕ 6 ਵੱਜ ਕੇ ਚਾਰ ਮਿੰਟ 'ਤੇ ਪਹੁੰਚ ਕੇ ਸੁੱਖ-ਸਾਂਦ ਦਾ ਸੁਨੇਹਾ ਦਿੱਤਾ। ਜਿਸ 'ਤੇ ਇਸ ਮਿਸ਼ਨ 'ਤੇ ਲੱਗੇ ਹਜ਼ਾਰਾਂ ਕਰਮਚਾਰੀਆਂ ਨੇ ਬਾਕੀ ਦੇਸ਼ ਵਾਸੀਆਂ ਨਾਲ ਰਲ ਕੇ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ ਅਤੇ ਤਾੜੀਆਂ ਦੀ ਅਵਾਜ਼ ਨੇ ਸਭ ਦੇਸ਼ ਵਾਸੀਆਂ ਅਤੇ ਉਨ੍ਹਾਂ ਗਵਾਂਢੀਆਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਜਿਹੜੇ 15 ਅਗਸਤ 1947 ਤੱਕ ਹਰ ਤਰ੍ਹਾਂ ਭਾਰਤੀ ਜਾਂ ਹਿੰਦੋਸਤਾਨੀ ਸਨ। ਇਹ ਸਭ ਕੁਝ ਇਸ ਦੇ ਬਾਵਜੂਦ ਹੋਇਆ ਜਦ ਭਾਰਤ ਦਾ ਗੋਦੀ ਮੀਡੀਆ ਹਿੰਦੂ-ਮੁਸਲਮਾਨ ਦੀ ਰਟ ਬਿਨਾਂ ਬਰੇਕ ਦੇ ਲਾ ਰਿਹਾ ਹੈ। ਇਹ ਸਭ ਜਾਣਨ ਲਈ ਪਾਕਿਸਤਾਨ ਦੇ ਸਾਬਕਾ ਸੂਚਨਾ ਤੇ ਪ੍ਰਸਾਰਨ ਮੰਤਰੀ ਫਵਾਦ ਚੌਧਰੀ ਨੇ ਭਾਰਤ ਦੀ ਇਸ ਮਹਾਨ ਸਫ਼ਲਤਾ 'ਤੇ ਖੁਸ਼ੀ 'ਚ ਕਿਹਾ ਹੈ ਕਿ ਇਸਰੋ ਦੇ ਭਾਰਤੀ ਵਿਗਿਆਨੀਆਂ ਨੂੰ ਵਧਾਈ ਹੋਵੇ। ਇਸ ਨਾਲ ਸਮੁੱਚੀ ਦੁਨੀਆ ਨੂੰ ਫਾਇਦਾ ਹੋਵੇਗਾ। ਇਹ ਸੱਚਮੁੱਚ

27-Aug-Sunday.qxd 8/26/2023 9:01 PM Page 4

ਸਮਕਾਲੀ ਅਮਰੀਕੀ ਪੰਜਾਬੀ ਕਹਾਣੀ ਨਾਲ ਜਾਣ-ਪਛਾਣ

ਨਿੱਗਰ ਖੰਭਾਂ ਦੀ ਉਡਾਣ

ਸੰਪਾਦਕ : ਹਰਜਿੰਦਰ ਪੰਧੇਰ ਤੇ ਹੋਰ
(ਅਜੋਕੀ ਅਮਰੀਕੀ ਪੰਜਾਬੀ ਕਹਾਣੀ)
ਪੰਨੇ-180, ਮੁੱਲ-250 ਰੁਪਏ
ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ

ਆਧੁਨਿਕ ਪੰਜਾਬੀ ਕਹਾਣੀ ਦੇ ਤਿੰਨ ਅਹਿਮ ਪਾਸਾਰ ਹਨ, ਜਿਵੇਂ ਭਾਰਤੀ, ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਕਹਾਣੀ। ਆਪਣੇ ਵਿਲੱਖਣ ਕਥਾ-ਵਸਤੂ, ਬਿਰਤਾਂਤਕ ਜੁੱਸੇ ਅਤੇ ਰਚਨਾ-ਦ੍ਰਿਸ਼ਟੀ ਕਾਰਨ ਇਹ ਤਿੰਨੋਂ ਪਾਸਾਰ ਇੱਕ-ਦੂਜੇ ਤੋਂ ਨਿਵੇਕਲਾ ਮੁਹਾਂਦਰਾ ਰੱਖਣ ਵਾਲੇ ਹਨ, ਪਰ ਪੰਜਾਬੀਅਤ ਦੇ ਬੁਨਿਆਦੀ ਤੱਤ ਸਦਕਾ ਇਹ ਤਿੰਨੋਂ ਪਾਸਾਰ ਇੱਕ ਸੂਤਰ ਵਿੱਚ ਪਰੋਏ ਹੋਏ ਵੀ ਨਜ਼ਰ ਆਉਂਦੇ ਹਨ। ਪਰਵਾਸੀ ਪੰਜਾਬੀ ਕਹਾਣੀ ਵੀ ਪੂਰੀ ਤਰ੍ਹਾਂ ਕੋਈ ਇਕਜੁੱਟ ਇਕਾਈ ਨਹੀਂ, ਬਲਕਿ ਆਪਣੇ ਸਥਾਨਗਤ ਅਤੇ ਸਥਿਤੀਗਤ ਵਖਰੇਵਿਆਂ ਕਾਰਨ ਇਸ ਦੀਆਂ ਵੀ ਅੱਗੋਂ ਉਪ-ਇਕਾਈਆਂ ਹਨ, ਜਿਵੇਂ ਇੰਗਲੈਂਡ, ਕੈਨੇਡਾ, ਅਮਰੀਕਾ ਆਦਿ ਦੀ ਪੰਜਾਬੀ ਕਹਾਣੀ। ਨਿਰਸੰਦੇਹ, ਪਰਵਾਸੀ ਸੰਵੇਦਨਾ ਦੀ ਤੰਦ ਇਨ੍ਹਾਂ ਉਪ-ਇਕਾਈਆਂ ਨੂੰ ਵੀ ਇੱਕ ਸਾਂਝੇ ਸੂਤਰ ਵਿੱਚ ਬੰਨ੍ਹਦੀ ਹੈ। ਫਿਰ ਵੀ ਇਨ੍ਹਾਂ ਦੇ ਸਰੂਪ ਅਤੇ ਪ੍ਰਯੋਜਨ ਵਿੱਚ ਵਿਲੱਖਣਤਾ ਵੀ ਵੇਖਣ ਨੂੰ ਮਿਲਦੀ ਹੈ।

ਹਥਲੇ ਸੰਪਾਦਿਤ ਸੰਗ੍ਰਹਿ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਅਸੀਂ ਅਮਰੀਕਾ ਦੀ ਪੰਜਾਬੀ ਕਹਾਣੀ ਉਤੇ ਕੇਂਦਰਤ ਰਹਿ ਕੇ ਚਰਚਾ ਕਰਨੀ ਹੈ। ਇਸ ਲਈ ਸੰਖੇਪ ਵਿੱਚ ਉਨ੍ਹਾਂ ਸਥਾਨਕ ਜ਼ਮੀਨੀ ਸਥਿਤੀਆਂ ਦਾ ਜ਼ਿਕਰ ਕਰਨਾ ਲਾਜ਼ਮੀ ਹੈ, ਜਿਹੜੀਆਂ ਇਸ ਕਹਾਣੀ ਦੇ ਵਿਲੱਖਣ ਪ੍ਰੇਰਕਾਂ ਵਜੋਂ ਕਾਰਜਸ਼ੀਲ ਰਹੀਆਂ ਹਨ। ਅਮਰੀਕਾ ਵੀ ਉਂਜ ਦੂਜੇ ਪੱਛਮੀ ਮੁਲਕਾਂ ਵਾਂਗ ਪੂੰਜੀਵਾਦੀ ਤਰਜ਼-ਏ-ਜ਼ਿੰਦਗੀ ਵਾਲਾ ਖੁੱਲ੍ਹਾ ਸਮਾਜ ਹੈ, ਜਿਥੇ ਸਮੂਹਿਕ ਚੇਤਨਾ ਅਨੁਸਾਰ ਜੀਣ-ਥੀਣ ਦੀ ਥਾਂ ਵਿਅਕਤੀਗਤ ਕਦਰਾਂ-ਕੀਮਤਾਂ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ, ਪਰ ਆਰਥਕ, ਰਾਜਸੀ ਅਤੇ ਟੈਕਨਾਲੋਜੀ ਦੇ ਪੱਖੋਂ ਇਸ ਦੀ 'ਸੁਪਰ ਪਾਵਰ' ਵਾਲੀ ਹੈਸੀਅਤ ਇਸ ਨੂੰ ਦੂਜੇ ਪੱਛਮੀ ਦੇਸ਼ਾਂ ਤੋਂ ਵਿਸ਼ੇਸ਼ ਬਣਾ ਦਿੰਦੀ ਹੈ। ਸਿੱਟੇ ਵਜੋਂ ਅਰਧ-ਵਿਕਸਤ ਦੇਸ਼ਾਂ ਵਿੱਚੋਂ ਜਾ ਕੇ ਅਮਰੀਕਾ ਨੂੰ ਆਪਣੀ ਕਰਮ-ਭੂਮੀ ਬਣਾਉਣ ਵਾਲੇ ਪਰਵਾਸੀ ਭਾਵੇਂ ਹਾਸ਼ੀਆਗਤ ਹੋਂਦ ਵਾਲੇ ਹੁੰਦੇ ਹਨ, ਪਰ ਉਹ ਵੀ ਆਪਣੀ ਉੱਚ-ਹੈਸੀਅਤ ਦਰਸਾਉਣ ਲਈ ਉਸ 'ਅਮੈਰੀਕਨ ਟੈਗ' ਨੂੰ ਸੁੱਤੇ-ਸਿੱਧ ਹੀ ਆਪਣੀ ਜੀਵਨ-ਸ਼ੈਲੀ ਦਾ ਅੰਗ ਬਣਾ ਲੈਂਦੇ ਹਨ, ਜੋ ਉਨ੍ਹਾਂ ਦੀ ਪਰੰਪਰਿਕ (ਫਿਊਡਲ) ਜੀਵਨ-ਦ੍ਰਿਸ਼ਟੀ ਨੂੰ ਨਿਰੰਤਰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਸਾਹਿਤ-ਸਿਰਜਣਾ ਨੂੰ ਆਪਣੇ ਭਾਵ-ਬੋਧ ਦੇ ਪ੍ਰਗਟਾਵੇ ਦਾ ਮਾਧਿਅਮ ਬਣਾਉਣ ਵਾਲੇ ਅਮਰੀਕੀ ਪੰਜਾਬੀਆਂ ਦੇ ਰਚਨਾਤਮਕ ਸਰੋਕਾਰ ਵੀ ਉਪਰੋਕਤ ਦੋਹਰੇ ਮਾਪਦੰਡਾਂ ਵਾਲੀ ਜੀਵਨ-ਦ੍ਰਿਸ਼ਟੀ ਤੋਂ ਹੀ ਪ੍ਰੇਰਿਤ ਹੁੰਦੇ ਹਨ। ਇੱਕ ਪਾਸੇ ਉਹ ਨਿਰੰਤਰ ਮਹਾਨ ਅਮਰੀਕੀ ਸੱਭਿਆਚਾਰ ਦੇ ਗੁਲ਼ਦਸਤੇ ਦਾ ਅਨਿੱਖੜਵਾਂ ਅੰਗ ਬਣ ਕੇ 'ਇਲੀਟ ਅਮੈਰੀਕਨ' ਹੋਣ ਦੀ ਲੋਚਾ ਕਰਦੇ ਰਹਿੰਦੇ ਹਨ, ਦੂਜੇ ਪਾਸੇ ਆਪਣੀ ਫਿਊਡਲ ਲੱਛਣਾਂ ਵਾਲੀ ਵਿਲੱਖਣ ਪੰਜਾਬੀ ਸ਼ਨਾਖਤ ਦੇ ਕੁਝ ਮੂਲ਼ ਤੱਤ ਸਲਾਮਤ ਰੱਖਣ ਲਈ ਵੀ ਯਤਨਸ਼ੀਲ ਰਹਿੰਦੇ ਹਨ। ਅਜਿਹਾ ਤਣਾਅ ਮੁੱਢ ਤੋਂ ਹੀ ਅਮਰੀਕੀ ਪੰਜਾਬੀ ਕਹਾਣੀ ਦਾ ਨਿਰਧਾਰਤਕਾਰੀ ਲੱਛਣ ਰਿਹਾ ਹੈ, ਭਾਵੇਂ ਕਿ ਨਵ-ਪੂੰਜੀਵਾਦੀ ਪ੍ਰਭਾਵਾਂ ਕਾਰਨ ਸਮੇਂ-ਸਮੇਂ ਇਸ ਤਣਾਅ ਦਾ ਸਰੂਪ ਬਦਲਦਾ ਵੀ ਰਿਹਾ ਹੈ।

ਮੁੱਢਲੀ ਅਮਰੀਕੀ ਪੰਜਾਬੀ ਕਹਾਣੀ, ਗਦਰ ਲਹਿਰ ਦੇ ਚਿੰਤਨ ਦੀ ਲੋਅ ਵਿੱਚ ਅਮਰੀਕਾ ਦੇ ਸਥਾਪਤ ਮੂਲ਼ਵਾਸੀਆਂ ਅਤੇ ਪਰਵਾਸੀਆਂ ਨੂੰ ਸਪੱਸ਼ਟ ਭਾਂਤ ਸਾਮਰਾਜੀ ਅਤੇ ਬਸਤੀਕ੍ਰਿਤ ਦੀਆਂ ਪ੍ਰਸਪਰ ਵਿਰੋਧੀ ਕੋਟੀਆਂ (ਬਾਈਨਰੀ ਆਪੋਜ਼ੀਸ਼ਨ) ਵਿੱਚ ਰੱਖ ਕੇ ਵੇਖਦੀ ਸੀ। ਮੁੱਖ ਧਾਰਾ ਦੀ ਪ੍ਰਗਤੀਵਾਦੀ ਕਥਾ-ਦ੍ਰਿਸ਼ਟੀ ਦੇ ਪ੍ਰਭਾਵਾਂ ਅਧੀਨ ਲਿਖੀ ਜਾਣ ਵਾਲੀ ਵਧੇਰੇ ਅਮਰੀਕੀ ਪੰਜਾਬੀ ਕਹਾਣੀ, ਜਿਸ ਦਾ ਪ੍ਰਮੁੱਖ ਪ੍ਰਵਕਤਾ ਕਹਾਣੀਕਾਰ ਹਰਭਜਨ ਸਿੰਘ ਬਣਿਆ, ਵਿੱਚ ਇਹ ਕੋਟੀਆਂ ਹੋਰ ਵੀ ਪ੍ਰਤੱਖ ਹੋ ਗਈਆਂ। ਫਿਰ ਉਤਰ-ਪ੍ਰਗਤੀਵਾਦੀ ਚਿੰਤਨ ਦੇ ਦੌਰ ਵਿੱਚ ਉਦਾਰਵਾਦੀ ਵਿਸ਼ਵ-ਦ੍ਰਿਸ਼ਟੀ ਨੇ ਇਨ੍ਹਾਂ ਕੋਟੀਆਂ ਵਿਚਲੀ ਲਕੀਰ ਨੂੰ ਮੱਧਮ ਕਰ ਦਿੱਤਾ ਅਤੇ ਅਮਰੀਕੀ ਪੰਜਾਬੀ ਕਹਾਣੀਕਾਰ ਪਾਰ-ਰਾਸ਼ਟਰੀ ਕੋਣ ਰਾਹੀਂ ਅਵਾਸੀ-ਪਰਵਾਸੀ ਦੀ ਦੀਵਾਰ ਨੂੰ ਉਲੰਘ ਕੇ ਸੋਚਣ ਦਾ ਅਭਿਆਸ ਕਰਨ ਲੱਗਾ। ਇਸ ਤਰ੍ਹਾਂ ਰਾਸ਼ਟਰ-ਮੁਕਤ ਸੰਵੇਦਨਾਵਾਂ ਅਤੇ ਭਰਾਤਰੀ ਸਾਂਝ ਵਾਲੇ ਮਾਨਵੀ ਸਰੋਕਾਰ ਉਸ ਦੀ ਕਥਾ-ਦ੍ਰਿਸ਼ਟੀ ਨੂੰ ਵਧੇਰੇ ਪ੍ਰਭਾਵਤ ਕਰਨ ਲੱਗ ਪਏ।

ਹਥਲੇ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੀ ਰਚਨਾ ਭਾਵੇਂ ਸੱਜਰੀ-ਸੱਜਰੀ ਹੀ ਹੋਈ ਹੈ, ਪਰ ਆਪਣੀ ਇਤਿਹਾਸਮੁਖ ਚੇਤਨਾ ਰਾਹੀਂ ਕੀਤੀ ਗਈ ਵਸਤੂ-ਚੋਣ ਕਾਰਨ ਇਨ੍ਹਾਂ ਵਿੱਚ ਪ੍ਰਸੰਗਵੱਸ ਮੁੱਢਲੇ ਪਰਵਾਸੀ ਪੰਜਾਬੀਆਂ ਦੇ ਅਨੁਭਵ ਵੀ ਮਿਲ ਜਾਂਦੇ ਹਨ। ਹਰਭਜਨ ਸਿੰਘ ਸ਼ੇਰਗਿੱਲ ਦੀ ਕਹਾਣੀ 'ਵਾਅਦਾ' ਅਜਿਹੇ ਇਤਿਹਾਸਕ ਮਹੱਤਤਾ ਵਾਲੇ ਕਥਾ-ਵਸਤੂ ਨੂੰ ਲੈ ਕੇ ਲਿਖੀ ਗਈ ਹੈ। ਕਹਾਣੀ ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਇੱਕ ਮੁੱਢਲੇ ਪਰਵਾਸੀ ਪੰਜਾਬੀ ਗੁਰਮੀਤ ਸਿੰਘ ਦੀਆਂ ਪਰਵਾਸ ਪ੍ਰਕਿਰਿਆ ਦੌਰਾਨ ਹੰਢਾਈਆਂ ਬਹੁਵੰਨੀਆਂ ਦੁਸ਼ਵਾਰੀਆਂ ਅਤੇ ਭਵਿੱਖਮੁਖੀ ਸੁਪਨਿਆਂ ਦਾ ਬਿਰਤਾਂਤ ਪੇਸ਼ ਕਰਦੀ ਹੈ। ਪੰਜਾਬ 'ਚ 'ਥੋੜ੍ਹੀ ਜ਼ਮੀਨ ਉਤੇ ਗੁਜ਼ਾਰਾ ਨਾ ਹੋਣ ਕਰਕੇ' ਸਮੁੰਦਰੀ ਜਹਾਜ਼ ਰਾਹੀਂ ਕਈ ਮਹੀਨਿਆਂ ਵਿੱਚ ਅਮਰੀਕਾ ਦੇ ਸਨਫਰਾਂਸਿਸਕੋ ਸ਼ਹਿਰ ਪਹੁੰਚ ਕੇ ਗੁਰਮੀਤ ਸਿੰਘ ਕਰੜਾ ਸੰਘਰਸ਼ ਕਰਦਾ ਹੈ। ਉਸ ਦਾ ਪਰਵਾਸ ਕੁਝ-ਕੁਝ ਗਦਰੀ ਬਾਬਿਆਂ ਦੀ ਤਰਜ਼ ਦਾ ਜਾਪਦਾ ਹੈ, ਪਰ ਫ਼ਰਕ ਇਹ ਹੈ ਕਿ ਆਜ਼ਾਦੀ ਸੰਗਰਾਮ 'ਚ ਸ਼ਾਮਲ ਹੋਣ ਵਾਸਤੇ ਵਤਨ-ਵਾਪਸੀ ਦੀ ਥਾਂ ਉਹ ਅਮਰੀਕਾ ਨੂੰ ਹੀ ਆਪਣੀ ਕਰਮ-ਭੂਮੀ ਬਣਾ ਲੈਂਦਾ ਹੈ। ਆਪਣੇ ਸਾਥੀਆਂ ਹਰਨੇਕ ਸਿੰਘ ਅਤੇ ਪੰਡਤ ਸ਼ਿਵ ਨਾਥ ਨਾਲ ਰਹਿੰਦਿਆਂ ਗੋਰੇ ਮਾਲਕ ਜੌਹਨਸਨ ਦੇ ਫਾਰਮ ਵਿੱਚ ਕੰਮ ਕਰਨ ਲੱਗ ਜਾਂਦਾ ਹੈ। ਗੁਰਮੀਤ ਸਿੰਘ ਨੂੰ ਵੀ ਗਦਰੀ ਬਾਬਿਆਂ ਵਾਂਗ ਕਈ ਵਾਰ ਗੋਰੇ ਮਾਲਕ ਤੋਂ ਬੇਇੱਜ਼ਤ ਹੋਣਾ ਪੈਂਦਾ ਹੈ, ਪਰ ਉਹ ਅਮਰੀਕਾ ਵਿੱਚ ਹੀ ਸਵੈਮਾਣ ਵਾਲੀ ਚੰਗੀ ਜ਼ਿੰਦਗੀ ਲਈ ਆਪਣੀ ਜੱਦੋ-ਜਹਿਦ ਨੂੰ ਮਾਂਦਾ ਨਹੀਂ ਪੈਣ ਦਿੰਦਾ। ਇੱਕ ਮੈਕਸੀਕਨ ਮੁਟਿਆਰ ਨਾਲ ਵਿਆਹ ਕਰਵਾ ਕੇ ਦੋ ਬੱਚਿਆਂ ਦਾ ਬਾਪ ਵੀ ਬਣਦਾ ਹੈ ਅਤੇ ਬਦਲਾ ਲੈਣ ਲਈ ਜੌਹਨਸਨ ਫਾਰਮ ਨੂੰ ਵੀ ਖਰੀਦਦਾ ਹੈ। ਆਪਣੇ ਵਿਛੜ ਚੁੱਕੇ ਸਾਥੀ ਹਰਨੇਕ ਸਿੰਘ ਦੇ ਭੁੱਲ ਜੌਹਨਸਨ ਫਾਰਮ, ਜਿਥੋਂ ਉਨ੍ਹਾਂ ਨੂੰ ਕਦੇ ਬੇਇੱਜ਼ਤ ਕਰਕੇ ਕੱਢਿਆ ਗਿਆ ਸੀ, ਵਿੱਚ ਪਾ ਕੇ ਗੁਰਮੀਤ ਸਿੰਘ ਆਪਣੇ ਸਾਥੀ ਦੇ ਅੰਤਮ ਪਲਾਂ ਸਮੇਂ ਕੀਤਾ ਆਪਣਾ ਵਾਅਦਾ ਨਿਭਾਉਂਦਾ ਹੈ।

ਕਹਾਣੀ ਮੁੱਢਲੇ ਹਾਸ਼ੀਆਗਤ ਪੰਜਾਬੀ ਪਰਵਾਸੀਆਂ ਦੇ ਸਿਰੜ, ਸਾਹਸ, ਪ੍ਰਤੀਬੱਧਤਾ, ਉਚੇਰੇ ਜੀਵਨ-ਮੁੱਲਾਂ ਆਦਿ ਨੂੰ ਉਭਾਰ ਕੇ ਪੇਸ਼ ਕਰਦੀ ਹੈ। ਅਜਿਹੇ ਗੁਣਾਂ-ਲੱਛਣਾਂ ਸਦਕਾ ਹੀ ਉਨ੍ਹਾਂ ਇੱਕ ਵਿਕਸਤ ਪੂੰਜੀਵਾਦੀ ਸਮਾਜ ਵਿੱਚ ਆਪਣੀਆਂ ਜੜ੍ਹਾਂ ਲਾਈਆਂ। ਸਾਮਰਾਜੀ ਧੌਂਸ ਅਤੇ ਨਸਲਵਾਦ ਦੀਆਂ ਫੇਟਾਂ ਸਹਿੰਦਿਆਂ ਹੋਇਆਂ ਵੀ ਆਪਣੀ ਵਿਸ਼ੇਸ਼ ਪਛਾਣ ਬਣਾਈ ਰੱਖੀ। ਅਮਰੀਕਾ ਵਿੱਚ ਪਰਵਾਸੀ ਪੰਜਾਬੀਆਂ ਦਾ ਇਹ ਦੌਰ ਪੱਛਮੀ ਅਤੇ ਪੂਰਬੀ ਕੋਟੀਆਂ ਨੂੰ ਵਿਰੋਧੀ ਧਿਰਾਂ (ਬਾਈਨਰੀ ਆਪੋਜ਼ੀਸ਼ਨ) ਵਜੋਂ ਵੇਖਣ-ਸਮਝਣ ਦਾ ਸੀ।

ਅਮਰੀਕੀ ਪੰਜਾਬੀ ਕਹਾਣੀ ਦਾ ਅਗਲਾ ਦੌਰ ਉਸ ਸਮੇਂ ਸ਼ੁਰੂ ਹੁੰਦਾ ਹੈ, ਜਦੋਂ ਪਰਵਾਸੀ ਪੰਜਾਬੀ ਪਰਵਾਰਾਂ ਸਮੇਤ ਸੈੱਟ ਹੋ ਜਾਂਦੇ ਹਨ ਅਤੇ ਨਵ-ਪੂੰਜੀਵਾਦੀ ਕਦਰਾਂ-ਕੀਮਤਾਂ ਵਾਲੀ ਅਮਰੀਕੀ ਜੀਵਨ-ਜਾਚ ਦਾ ਅਨਿੱਖੜ ਅੰਗ ਬਣ ਕੇ ਜਿਊਣ ਦੀ ਲੋਚਾ ਕਰਦੇ ਹਨ, ਪਰ ਅਜਿਹਾ ਸੱਭਿਆਚਾਰਕ ਰੂਪਾਂਤਰਣ ਪੰਜਾਬ ਦੇ ਫਿਊਡਲ ਜਾਂ ਅਰਧ-ਪੂੰਜੀਵਾਦੀ ਸਮਾਜ ਵਿੱਚੋਂ ਗਏ ਪਰਵਾਸੀਆਂ ਲਈ ਕੋਈ ਸੁਖਾਲਾ ਕੰਮ ਨਹੀਂ ਸੀ। ਅਜਿਹਾ ਕਰਦਿਆਂ ਅਨੇਕਾਂ ਸੱਭਿਆਚਾਰਕ ਤਣਾਵਾਂ ਵਿੱਚੋਂ ਲੰਘਣਾ ਪੈਣਾ ਸੀ, ਪਰਵਾਰਕ ਰਿਸ਼ਤਿਆਂ ਦੀ ਟੁੱਟ-ਭੱਜ ਦੇ ਝਟਕੇ ਵੀ ਸਹਿਣੇ ਪੈਣੇ ਸਨ ਅਤੇ ਪੱਛਮੀ ਸਮਾਜ ਨਾਲ ਨਵੇਂ ਰਿਸ਼ਤੇ ਗੰਢਣੇ ਵੀ ਲਾਜ਼ਮੀ ਹੋਣੇ ਸਨ। ਇਸ ਨਵੇਂ ਵਰਤਾਰੇ ਨੂੰ ਚੁਣੌਤੀ ਵਜੋਂ ਲੈਂਦਿਆਂ ਅਮਰੀਕੀ ਪੰਜਾਬੀ ਬੜੇ ਕਰੜੇ ਮਾਨਸਕ ਸੰਘਰਸ਼ ਰਾਹੀਂ ਪਰਿਵਰਤਨ ਦੀ ਇਸ ਕਠੋਰ ਪ੍ਰਕਿਰਿਆ ਵਿੱਚੋਂ ਵੀ ਲੰਘਦੇ ਹਨ। ਮਨਜੀਤ ਕੌਰ ਸੋਖੋਂ ਦੀ ਕਹਾਣੀ 'ਰਾਹਤ', ਰਵੀ ਸ਼ੇਰਗਿੱਲ ਦੀ '...ਤਾਂ ਬੇਬੇ ਦਾ ਹੁਣ ਕੋਈ ਨਹੀਂ', ਪਵਿੱਤਰ ਮਾਟੀ ਦੀ 'ਰੌਂਗ ਨੰਬਰ', ਹਰਨੇਕ ਸਿੰਘ ਦੀ 'ਰਿਸ਼ਤਿਆਂ ਦਾ ਸਰਾਪ', ਜਾਵੇਦ ਬੂਟਾ ਦੀ 'ਗੁਲਾਬੀ ਚੁੰਨੀ' ਕਹਾਣੀਆਂ ਅਜਿਹੇ ਟੁੱਟਦੇ-ਬਣਦੇ ਨਵੇਂ ਰਿਸ਼ਤਿਆਂ ਦੀ ਵਿਆਕਰਨ ਦਾ ਬੋਧ ਕਰਵਾਉਂਦੀਆਂ ਹਨ।

'ਰਾਹਤ' ਦੀ ਉਤਮ-ਪੁਰਖੀ ਪਰਵਾਸੀ ਔਰਤ ਰੂਬੀ ਤਿੰਨ ਬੱਚਿਆਂ ਦੀ ਮਾਂ ਹੈ, ਪਰ ਪਤੀ ਤੋਂ ਵੱਖ ਰਹਿ ਰਹੀ ਹੈ। ਖੁੱਲ੍ਹੇ ਅਮਰੀਕਨ ਸਮਾਜ ਦੇ ਗੁੱਝੇ ਪ੍ਰੇਰਕਾਂ ਅਧੀਨ ਰੂਬੀ ਦਾ ਪਤੀ ਬਲਰਾਜ ਰੂਬੀ ਦੀ ਮਾਸੀ ਦੀ ਕੁੜੀ ਨੀਤੂ ਨਾਲ ਵਿਵਰਜਤ ਸੰਬੰਧ ਬਣਾ ਲੈਂਦਾ ਹੈ। ਪਰੰਪਰਕ ਪੂਰਬੀ ਅਵਚੇਤਨ ਵਾਲੀ ਰੂਬੀ ਲਈ ਇਹ ਝਟਕਾ ਸਹਿ ਸਕਣਾ ਅਤੇ ਰਿਸ਼ਤਿਆਂ ਦੇ ਨਵੇਂ ਸਮੀਕਰਨਾਂ ਨੂੰ ਪ੍ਰਵਾਨ ਕਰ ਸਕਣਾ ਸੰਭਵ ਨਹੀਂ, ਇਸ ਲਈ ਉਸ 'ਅੰਦਰਲੀ ਸਲ੍ਹਾਬ' ਹੋਰ ਵਧ ਜਾਂਦੀ ਹੈ। ਪਰਵਾਸੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਲਈ ਇਹ ਕੋਈ ਅਹਿਮ ਮਸਲਾ ਨਹੀਂ ਬਣਦਾ। ਰੂਬੀ ਦਾ ਪੁੱਤਰ ਆਪਣੀ 'ਗਰਲ ਫਰੈਂਡ' ਏਵਲਿਨ ਨਾਲ ਬਿਨਾਂ ਵਿਆਹ ਤੋਂ ਸਿਰਫ਼ ਰਹਿ ਹੀ ਨਹੀਂ ਰਿਹਾ, ਬਲਕਿ ਉਨ੍ਹਾਂ ਦੇ ਘਰ ਬੱਚਾ ਵੀ ਹੋਣ ਵਾਲਾ ਹੈ। ਅਜਿਹੇ ਅਮਰੀਕੀ ਮਾਹੌਲ ਦੇ ਪ੍ਰਭਾਵ ਵੱਸ ਭਾਵੇਂ ਅਚੇਤ ਹੀ ਰੂਬੀ ਵੀ ਆਪਣੇ ਸਹਿਕਰਮੀ ਮੈਨੇਜਰ ਜਾਹਨ ਸਟੀਫਨ ਪ੍ਰਤੀ ਗੁੱਝੀ ਜਿਹੀ ਖਿੱਚ ਮਹਿਸੂਸ ਕਰਨ ਲਗਦੀ ਹੈ, ਪਰ ਫਿਰ ਵੀ ਇੱਕ ਪਰੰਪਰਕ ਪੰਜਾਬੀ ਔਰਤ ਵਾਂਗ ਆਪਣੀਆਂ ਅਜਿਹੀਆਂ ਭਾਵਨਾਵਾਂ ਨੂੰ ਦਬਾ ਕੇ ਰੱਖਦੀ ਹੈ। ਅੰਤ ਰੂਬੀ ਵੀ ਮਨ-ਇਛਿੱਤ ਢੰਗ ਨਾਲ ਜ਼ਿੰਦਗੀ ਨੂੰ ਮਾਨਣ ਲਈ ਆਪਣੀਆਂ ਦੱਬੀਆਂ ਚਾਹਤਾਂ ਉਤੋਂ ਅੰਕੁਸ਼ ਕੁਝ ਢਿੱਲਾ ਕਰਦੀ ਹੈ। ਉਸ ਅੰਦਰ ਚੱਲ ਰਹੀ ਰੂਪਾਂਤਰਨ ਪ੍ਰਕਿਰਿਆ ਦੀ ਸੂਹ ਉਸ ਵਕਤ ਮਿਲਦੀ ਹੈ, ਜਦੋਂ ਉਹ ਨੂੰਹ-ਪੁੱਤ ਨਾਲ ਹਵਾਈ ਜਾ ਕੇ ਘੁਟਨਭਰੀ ਜ਼ਿੰਦਗੀ ਜਿਊਣ ਦੀ ਥਾਂ ਇਕੱਲਿਆਂ ਆਜ਼ਾਦ ਰਹਿਣ ਦੇ ਫੈਸਲੇ ਨਾਲ 'ਰਾਹਤ' ਮਹਿਸੂਸ ਕਰਦੀ ਹੈ। ਕਹਾਣੀ ਪਰਵਾਸੀ ਪੰਜਾਬੀ ਔਰਤ ਦੇ ਅਮਰੀਕੀ ਤਰਜ਼ ਦੀ ਆਧੁਨਿਕਤਾ ਅਤੇ ਵਿਅਕਤੀਵਾਦ ਵੱਲ ਵਧਦੇ ਮੁੱਢਲੇ ਕਦਮਾਂ ਦਾ ਬਿਰਤਾਂਤ ਸਿਰਜਦੀ ਹੈ।

ਕਹਾਣੀ '...ਤਾਂ ਬੇਬੇ ਦਾ ਹੁਣ ਕੋਈ ਨਹੀਂ' ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਇੱਕ ਪੰਜਾਬੀ ਟਰੱਕ ਚਾਲਕ ਦੀ ਪੂਰਬੀ ਅਤੇ ਪੱਛਮੀ ਚੇਤਨਾ ਨਾਲ ਦੁਫਾੜ ਹੋਈ ਮਾਨਵੀ ਸੰਵੇਦਨਾ ਦਾ ਬਿਰਤਾਂਤ ਪੇਸ਼ ਕਰਦੀ ਹੈ। ਸੱਤੇ ਦੀ ਅਮਰੀਕਾ ਆਪਣੇ ਪੁੱਤ ਕੋਲ ਆਈ ਹੋਈ ਮਾਂ ਦਾ ਚੂਲ਼ਾ ਟੁੱਟ ਜਾਂਦਾ ਹੈ, ਪਰ ਉਸ ਦਾ ਮੈਡੀਕਲ ਇੰਸ਼ੋਰੈਂਸ ਨਹੀਂ ਕਰਵਾਇਆ ਹੋਇਆ। ਇੱਕ ਪਾਸੇ ਮਾਂ ਪੀੜ ਨਾਲ ਵਿਆਕੁਲ ਹੈ, ਪਰ ਦੂਜੇ ਪਾਸੇ ਹਸਪਤਾਲ 'ਚ ਮਹਿੰਗੇ ਇਲਾਜ ਲਈ ਡਾਲਰਾਂ ਦਾ ਬੰਦੋਬਸਤ ਹੋ ਨਹੀਂ ਰਿਹਾ। ਮਸਲੇ ਦਾ ਇੱਕ ਆਖਰੀ ਹੱਲ ਮਾਂ ਨੂੰ ਲਾਵਾਰਸ ਬਣਾ ਕੇ ਹਸਪਤਾਲ ਦਾਖ਼ਲ ਕਰਵਾਉਣ ਦਾ ਹੈ, ਪਰ ਇਹ ਹੱਲ ਸੱਤੇ ਦੀ ਸਰਵਣ ਪੁੱਤ ਵਾਲੀ ਪੂਰਬੀ ਸੰਵੇਦਨਾ ਨੂੰ ਪ੍ਰਵਾਨ ਨਹੀਂ। ਅੰਤ ਆਪਣੇ ਅਪਰਾਧਬੋਧ ਤੋਂ ਬਚਣ ਲਈ ਸੱਤਾ ਆਪਣਾ ਟਰੱਕ-ਟਰੇਲਰ ਵੇਚ ਕੇ ਮਾਂ ਦਾ ਇਲਾਜ ਕਰਵਾਉਣ ਦਾ ਫੈਸਲਾ ਕਰਦਾ ਹੈ। ਹਾਲਾਂ ਕਿ ਪਤਨੀ ਦੀ ਵਿਹਾਰਕ ਸੋਚ ਵਿੱਚੋਂ ਨਿਕਲੇ ਬੋਲ, 'ਟਰੱਕ-ਟਰੇਲਰ ਤਾਂ ਆਪਣੀ ਰੋਜ਼ੀ-ਰੋਟੀ ਐ। ਤੁਸੀਂ ਕਮਲੇ ਨਾ ਹੋਵੋ।' ਵੀ ਭਵਿੱਖ ਵਿੱਚ ਪਰਿਵਾਰਕ ਰਿਸ਼ਤਿਆਂ ਵਿੱਚ ਤਣਾਅ ਦੀ ਨੀਂਹ ਰੱਖੇ ਜਾਣ ਵੱਲ ਭਰਵਾਂ ਇਸ਼ਾਰਾ ਕਰਦੇ ਹਨ। ਕਹਾਣੀ ਇਹ ਕਥਾ-ਵਿਵੇਕ ਸਿਰਜਦੀ ਹੈ ਕਿ ਅਜਿਹੇ ਸੰਕਟਾਂ 'ਚੋਂ ਲੰਘਣਾ ਪਰਵਾਸੀ ਪੰਜਾਬੀ ਦੀ ਅਟੱਲ ਹੋਣੀ ਹੈ। ਇਸ ਤੋਂ ਟਾਲ਼ਾ ਵੱਟ ਕੇ ਉਹ ਚੰਗੇ ਭਵਿੱਖ ਵੱਲ ਤੁਰ ਨਹੀਂ ਸਕਦੇ।

ਕਹਾਣੀ 'ਰੌਂਗ ਨੰਬਰ' ਆਪਣੇ ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਇੱਕ 'ਅਮਰੀਕੀ ਟੈਗ' ਨਾਲ ਉਲਾਰ ਹੋਈ ਪੰਜਾਬਣ ਗੀਤ ਦੇ ਦੁਖਾਂਤ ਦਾ ਬਿਰਤਾਂਤ ਪੇਸ਼ ਕਰਦੀ ਹੈ। ਸਿਗਰਟਾਂ, ਸ਼ਰਾਬਾਂ ਪੀਂਦੀ, ਦੇਰ ਤੱਕ ਪਾਰਟੀਆਂ, ਕਲੱਬਾਂ 'ਚ ਵਿਚਰਦੀ, ਪ

27-Aug-Sunday.qxd 8/26/2023 9:02 PM Page 6

‘ਸੋ ਦਰੁ’ ’ਤੇ ਵਿਚਾਰ-ਚਰਚਾ

ਚੰਡੀਗੜ੍ਹ : ਸ਼ਬਦ ਲੋਕ ਪੰਜਾਬ ਵੱਲੋਂ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਦੇ ਸਹਿਯੋਗ ਨਾਲ ਅਮਰਜੀਤ ਗਰੇਵਾਲ ਦੁਆਰਾ ਰਚਿਤ ਨਾਟ-ਕਿਤਾਬ “ਸੋ ਦਰੁ” ’ਤੇ ਇਕ ਰੋਜ਼ਾ ਸੈਮੀਨਾਰ ਏਥੇ ਕਲਾ ਪਰਿਸ਼ਦ ਸੈਕਟਰ-16 ਵਿਖੇ ਆਯੋਜਿਤ ਕੀਤਾ ਗਿਆ। ਉਦਘਾਟਨੀ ਸੈਸ਼ਨ ਵਿਚ ਸ੍ਰੀ ਸੁਰਜੀਤ ਪਾਤਰ, ਡਾ. ਮਨਮੋਹਨ, ਡਾ. ਰਵੇਲ ਸਿੰਘ, ਡਾ. ਭੁਪਿੰਦਰ ਬਰਾੜ ਸ਼ਾਮਲ ਹੋਏ। ਡਾ. ਪ੍ਰਵੀਨ ਕੁਮਾਰ ਨੇ ਆਪਣਾ ਪਰਚਾ ਪੇਸ਼ ਕੀਤਾ। ਉਹਨਾਂ ਇਸ ਕਿਤਾਬ ਪ੍ਰਤੀ ਆਪਣੀ ਆਲੋਚਨਾ ਦ੍ਰਿਸ਼ਟੀ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ-ਇਤਿਹਾਸਕ ਪਰਿਪੇਖ ਤੋਂ ਇਸ ਕਿਤਾਬ ਦੀ ਥਾਂ, ਆਧੁਨਿਕਤਾ ਦੇ ਸੰਦਰਭ ਵਿਚ ਇਸ ਕਿਤਾਬ ਦੀ ਸਪੇਸ ਅਤੇ ਪੰਜਾਬੀ ਨਾਟ-ਆਲੋਚਨਾ ਵਿਚ ਇਸ ਕਿਤਾਬ ਦੀ ਜਗ੍ਹਾ। ਡਾ. ਆਤਮ ਰੰਧਾਵਾ ਨੇ ਆਪਣੀ ਗੱਲ ਉੱਤਰ ਮਾਨਵਵਾਦ ਦੇ ਦ੍ਰਿਸ਼ਟੀਕੋਣ ਤੋਂ ਕੀਤੀ। ਉਹਨਾਂ ਅੱਗੇ ਕਿਹਾ ਕਿ ਇਹ ਨਾਟ-ਕਿਤਾਬ ਪੁਰਾਣੀਆਂ ਨਾਟ ਧਾਰਨਾਵਾਂ ਨੂੰ ਵੀ ਚੁਣੌਤੀ ਦੇਵੇਗੀ। ਡਾ. ਮਨਮੋਹਨ ਨੇ ਇਸ ਕਿਤਾਬ ਵਿਚਲੀ ਆਪਣੀ ਲਿਖੀ ਭੂਮਿਕਾ ਬਾਬਤ ਤੇ ਇਸ ਕਿਤਾਬ ਦੀ ਨਵੀਂ ਕਿਸਮ ਦੀ ਟੈਕਸਟ ਬਾਰੇ ਆਪਣੇ ਤਜਰਬੇ ਤੋਂ ਗੱਲ ਕੀਤੀ। ਡਾ. ਭੁਪਿੰਦਰ ਬਰਾੜ ਨੇ ਯੂਟੋਪੀਆ ਤੇ ਡਾਇਸਟੋਪੀਆ ਦੇ ਮਾਧਿਅਮ ਨਾਲ ਆਪਣੀ ਗੱਲ ਰੱਖੀ। ਡਾ. ਰਵੇਲ ਸਿੰਘ ਨੇ ਕਿਹਾ ਕਿ ਮੈਂ ਭਾਰਤ ਦੀਆਂ ਚੌਵੀ ਭਾਸ਼ਾਵਾਂ ਨੂੰ ਡੀਲ ਕਰਦਾ ਹਾਂ, ਮੈਂ ਇਸ ਵਿਸ਼ੇ ’ਤੇ ਇਸ ਤਰ੍ਹਾਂ ਦੀ ਰਚਨਾ ਨਹੀਂ ਪੜ੍ਹੀ। ਡਾ. ਸੁਰਜੀਤ ਪਾਤਰ ਹੁਰਾਂ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ; ਇਕ ਤਾਂ ਬਹੁਤ ਮੁੱਲਵਾਨ ਗੱਲਾਂ ਹੋਈਆਂ, ਦੂਸਰਾ ਅਮਰਜੀਤ ਗਰੇਵਾਲ ਹੁਰਾਂ ਨੇ ਚਾਲੀ ਸਾਲਾਂ ਬਾਅਦ ਨਾਟਕ ਲਿਖਿਆ। ਇਸ ਸਾਰੇ ਸੈਸ਼ਨ ਦਾ ਮੰਚ ਸੰਚਾਲਨ ਡਾ. ਯੋਗ ਰਾਜ ਨੇ ਵਿਚਕਾਰ ਕਿਤਾਬ ਬਾਰੇ ਖੂਬਸੂਰਤ ਗੱਲਾਂ ਕਰਕੇ ਬਾਖੂਬੀ ਨਿਭਾਇਆ। ਡਾ. ਕੁਲਦੀਪ ਸਿੰਘ ਨੇ ਦੂਸਰੇ ਸੈਸ਼ਨ ਦਾ ਖੂਬਸੂਰਤ ਆਗਾਜ਼ ਕਰਦੇ ਹੋਏ ਟੈਕਸਟ ਦੇ ਸੰਦਰਭ ਵਿਚ ਗੱਲ ਕੀਤੀ ਕਿ ਏ.ਆਈ. ਮਨੁੱਖ ਦੇ ਪੱਖ ਵਿਚ ਜਾਂ ਵਿਰੋਧ ਵਿਚ ਖੜ੍ਹੀ ਹੋਵੇਗੀ, ਇਸ ਤਰ੍ਹਾਂ ਉਹਨਾਂ ਹੋਰ ਮਹੱਤਵਪੂਰਨ ਸੁਆਲ ਉਠਾਏ। ਡਾ. ਤੇਜਿੰਦਰ ਹੁਰਾਂ ਆਪਣੇ ਪਰਚੇ ਵਿਚ ਪਹਿਲਾਂ ਨਾਟਕ ਬਾਰੇ ਵਿਸਥਾਰ ਨਾਲ ਗੱਲ ਕੀਤੀ ਅਤੇ ਉਹਨਾਂ ਆਉਣ ਵਾਲੇ ਸਮੇਂ ਵਿਚ ਏ.ਆਈ. ਦੁਆਰਾ ਪੈਦਾ ਹੋਣ ਵਾਲੇ ਆਪਣੇ ਡਰਾਂ ਤੇ ਸੰਭਾਵਨਾਵਾਂ ਨੂੰ ਤਰਕ ਨਾਲ ਦੱਸਿਆ।

ਬਲਵਿੰਦਰ ਗਰੇਵਾਲ ਨੇ ਕਿਤਾਬ ਦੇ ਪਾਤਰਾਂ ਤੇ ਪ੍ਰੇਮ ਸ਼ਬਦ ਬਾਰੇ ਮਹੱਤਵਪੂਰਨ ਸੁਆਲ ਉਠਾਏ। ਡਾ. ਸੁਰਜੀਤ ਨੇ ਕੁਦਰਤ, ਮਸ਼ੀਨ, ਮਨੁੱਖ ਦੇ ਜੋੜਮੇਲ ਦੇ ਸੰਦਰਭ ਵਿਚ ਆਪਣੀ ਗੱਲ ਰੱਖੀ। ਜਸਵੰਤ ਸਿੰਘ ਜ਼ਫਰ ਨੇ ਕਿਹਾ ਕਿ ਡਾ. ਅਮਰਜੀਤ ਗਰੇਵਾਲ ਦੀ ਗੁਰੂ ਨਾਨਕ ਤੱਕ ਪਹੁੰਚ ਹੈ, ਇਸ ਲਈ ਏ.ਆਈ. ਪ੍ਰਤੀ ਸੰਭਾਵਨਾਵਾਂ ਦੀ ਗੱਲ ਕਰਦੇ ਨੇ। ਸਵਰਨਜੀਤ ਸਵੀ ਨੇ “ਸੋ ਦਰੁ” ਦੇ ਪ੍ਰਕਾਸ਼ਕ ਦੇ ਤੌਰ ’ਤੇ ਗੱਲ ਕਰਦੇ ਹੋਏ ਕਿਹਾ ਕਿ ਇਹ ਕਿਤਾਬ ਭਵਿੱਖ ਵਿਚ “ਰੈਫਰੈਂਸ ਬੁੱਕ” ਦੇ ਤੌਰ ’ਤੇ ਕੰਮ ਆਏਗੀ। ਪ੍ਰਧਾਨਗੀ ਭਾਸ਼ਣ ਵਿਚ ਡਾ. ਰਾਜਿੰਦਰ ਪਾਲ ਬਰਾੜ ਨੇ ਇਸ ਸੈਮੀਨਾਰ ਨੂੰ ਮੁੱਲਵਾਨ ਦੱਸਦਿਆਂ ਕਈ ਸੁਆਲ ਵੀ ਖੜ੍ਹੇ ਕੀਤੇ। ਇਸ ਸੈਸ਼ਨ ਦਾ ਸੰਚਾਲਨ ਜਗਦੀਪ ਸਿੱਧੂ ਨੇ ਕੀਤਾ।

—ਜਗਦੀਪ ਸਿੱਧੂ

‘ਅੱਖਰ-ਅੱਖਰ’ ਲੋਕ-ਅਰਪਣ

ਫਗਵਾੜਾ-ਲੋਕ ਅਰਪਣ ਸਮਾਗਮ ਤਰਨਜੀਤ ਸਿੰਘ ਕਿੰਨੜਾ (ਰਿੰਪੀ) ਅਤੇ ਸਰਬਜੀਤ ਸਿੰਘ ਲੁਬਾਣਾ ਵੱਲੋਂ ਕਰਵਾਇਆ ਗਿਆ। ਦੋ ਦਰਜਨ ਤੋਂ ਵੱਧ ਪੁਸਤਕਾਂ ਦੇ ਲੇਖਕ ਅਤੇ ਕਈ ਐਵਾਰਡਾਂ ਨਾਲ ਸਨਮਾਨਤ ਪ੍ਰੋ. ਗਿੱਲ ਨੇ ਇਸ ਪੁਸਤਕ ਵਿਚ 1973-2023 ਦਰਮਿਆਨ ਲਿਖੀਆਂ ਗਜ਼ਲਾਂ ਦੇ ‘ਅੱਖਰ ਅੱਖਰ’ ਪਾਠਕਾਂ ਅੱਗੇ ਪਰੋਸੇ ਹਨ। ਇਸ 2 ਮਈ ਨੂੰ 70 ਸਾਲਾਂ ਦੇ ਹੋਣ ਸਮੇਂ ਉਹਨਾਂ ਆਪਣੀ 50 ਸਾਲਾ ਗਜ਼ਲ-ਘਾਲਣਾ ਨੂੰ ਇਕ ਸੰਗ੍ਰਹਿ ਵਿਚ ਛਪਵਾਉਣ ਦਾ ਉਪਰਾਲਾ ਕੀਤਾ। ਇਸ ਸਮੇਂ ਬੋਲਦਿਆਂ ਪ੍ਰੋ. ਗਿੱਲ ਨੇ ਕਿਹਾ, “ਕਵੀ ਸੰਵੇਦਨਸ਼ੀਲ ਅਤੇ ਸ਼ਾਂਤੀ-ਪਸੰਦ ਹੁੰਦੇ ਹਨ। ਉਹ ਕਿਸੇ ਬੰਦੇ ਜਾਂ ਸਿਸਟਮ ਨਾਲ ਸਿੱਧਾ ਤਾਂ ਲੜ ਨਹੀਂ ਸਕਦੇ। ਉਹ ਆਪਣਾ ਗੁੱਸਾ ਕਾਗਜ਼ਾਂ ਉਪਰ ਕੱਢਦੇ ਹਨ। ਕਵੀ ਆਪਣੀ ਕਵਿਤਾ ਕਾਗਜ਼ਾਂ ਦੇ ਹਵਾਲੇ ਕਰ ਦਿੰਦੈ। ਕਾਗਜ਼ ਨੂੰ ਕਹਿ ਦਿੰਦੈ ਕਿ ਸਿਸਟਮ ਜਾਂ ਕਿਸੇ ਬੰਦੇ ਦੇ ਖਿਲਾਫ ਉਸ ਦੀ ਪੀੜ ਨੂੰ ਜਦ ਕਦੀ ਵੀ ਠੀਕ ਲੱਗੇ, ਦੱਸ ਦਵੇ। ਸਾਨੂੰ ਸਭ ਨੂੰ ਚਾਹੀਦੈ ਕਿ ਜਿਸ ਧਰਤੀ ਨੇ ਸਾਨੂੰ ਪੈਦਾ ਕੀਤਾ, ਉਸ ਦੀ ਪੀੜ ਜਾਣੀਏ ਅਤੇ ਸ਼ਬਦਾਂ ਦੇ ਹਵਾਲੇ ਕਰੀਏ, ਪਰ ਇਹ ਪੀੜ ਅਸੀਂ ਆਪਣੇ ਵਿਚ ਦੀ ਕੱਢੀਏ, ਜਿਵੇਂ ਮਧੂਮੱਖੀ ਸ਼ਹਿਦ ਬਣਾਉਣ ਲਈ ਉਸ ਨੂੰ ਆਪਣੇ ਵਿਚ ਦੀ ਕੱਢਦੀ ਹੈ, ਪਰ ਅਸੀਂ ਅਜਿਹਾ ਕਰਦੇ ਨਹੀਂ। ਸ਼ਹਿਨਾਈ ਸਭ ਸੁਣਦੇ ਹਨ, ਪਰ ਜੋ ਤਾਰ ’ਤੇ ਬੀਤਦੀ ਹੈ, ਉਸ ਵੱਲ ਕੋਈ ਧਿਆਨ ਨਹੀਂ ਦਿੰਦਾ (‘ਜੋ ਸਾਜ਼ ਸੇ ਨਿਕਲੀ ਹੈ ਵੋ ਧੁਨ ਸਭ ਨੇ ਸੁਨੀ ਹੈ,/ਜੋ ਤਾਰ ਪੇ ਗੁਜ਼ਰੀ ਹੈ ਵੋ ਕਿਸ ਕੋ ਪਤਾ ਹੈ’)। ਸਾਨੂੰ ਸਭ ਨੂੰ ਸ਼ਬਦਾਂ ਦਾ ਸੱਭਿਆਚਾਰ ਸਿਰਜਣਾ ਚਾਹੀਦਾ ਹੈ”। ਉਹਨਾਂ ਕਿਹਾ ਕਿ “ਗਜ਼ਲ ਮੇ ਜ਼ਾਤ ਭੀ ਹੈ ਔਰ ਕਾਇਨਾਤ ਭੀ,/ਤੁਮਹਾਰੀ ਬਾਤ ਭੀ ਹੈ ਔਰ ਹਮਾਰੀ ਬਾਤ ਭੀ”। ਪ੍ਰੋ. ਗੰਢਮ ਨੇ ਕਿਹਾ ਕਿ ਗੁਰਭਜਨ ਗਿੱਲ ਦੀਆਂ ਗਜ਼ਲਾਂ ਵਿਚ ਸਰਲਤਾ, ਸੰਖੇਪਤਾ ਅਤੇ ਸਾਰਗੀ ਗਹਿਰਾਈ ਹੈ। ਉਹਨਾਂ ਪ੍ਰੋ. ਗਿੱਲ ਦੇ ਇਕ ਨਿੱਕ-ਸਤਰੀ, ਦਸ ਸ਼ਬਦਾਂ ਵਾਲੇ ਸ਼ੇਅਰ ਦਾ ਹਵਾਲਾ ਦਿੱਤਾ-“ਸ਼ਹਿਰ ਲਾਹੌਰੋਂ ਅੰਬਰਸਰ ਦਾ,/ਕਿੰਨਾ ਪੈਂਡਾ ਘਰ ਤੋਂ ਘਰ ਦਾ”। ਉਹਨਾਂ ਚੋਂਕ-ਫਰੋਂਚ ਲੇਖਕ ਮਿਲਾਨ ਕੁੰਦੇਰਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਲੇਖਕ ਸੱਚ ਦਾ ਪ੍ਰਚਾਰਕ ਨਹੀਂ ਸਗੋਂ ਸੱਚ ਦਾ ਖੋਜੀ ਹੁੰਦਾ ਹੈ। ਉਹਨਾਂ ਕਿਹਾ ਕਿ ਸੱਚ ਨਾਲ ਖੜਨਾ ਲੇਖਕ ਦਾ ਪਰਮ-ਧਰਮ ਹੈ। ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਪ੍ਰੋ. ਗਿੱਲ ਨੂੰ ਪੰਜਾਬੀ ਵਿਰਸਾ ਟਰੱਸਟ ਵੱਲੋਂ ਪ੍ਰਕਾਸ਼ਤ ਪੁਸਤਕਾਂ ਦਾ ਸੈੱਟ ਭੇਟ ਕੀਤਾ।

ਡਾ. ਨਰਿੰਦਰ ਦਾਭੋਲਕਰ ਯਾਦਗਾਰੀ ਸਮਾਜਿਕ ਚੇਤਨਾ ਹਫਤਾ



ਅੰਮ੍ਰਿਤਸਰ : ਮਹਾਂਰਾਸ਼ਟਰ ਦੀ ਪ੍ਰਗਤੀਸ਼ੀਲ ਸੰਸਥਾ ਅੰਧ ਸ਼ਰਧਾ ਨਿਰਮੂਲਨ ਸਮਿਤੀ ਦੇ ਸੰਸਥਾਪਕ ਤਰਕਸ਼ੀਲ ਆਗੂ ਡਾ. ਨਰਿੰਦਰ ਦਾਭੋਲਕਰ ਦੀ ਕੁਝ ਫਿਰਕੂ ਅਨਸਰਾਂ ਵੱਲੋਂ ਦਸ ਸਾਲ ਪਹਿਲਾਂ 20 ਅਗਸਤ, 2013 ਨੂੰ ਪੁਣੇ (ਮਹਾਂਰਾਸ਼ਟਰ) ਵਿਖੇ ਦਿਨ-ਦਿਹਾੜੇ ਗੋਲੀਆਂ ਮਾਰ ਕੇ ਸਿਰਫ ਇਸ ਲਈ ਹੱਤਿਆ ਕਰ ਦਿੱਤੀ ਗਈ, ਕਿਉਂਕਿ ਉਹ ਆਮ ਲੋਕਾਂ ਨੂੰ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਅਖੌਤੀ ਚਮਤਕਾਰਾਂ ਅਤੇ ਧਾਰਮਿਕ ਆਸਥਾ ਦੀ ਆੜ ਹੇਠ ਗੁੰਮਰਾਹ ਕਰਕੇ ਲੁੱਟਣ ਵਾਲੇ ਪਾਖੰਡੀਆਂ ਦੇ ਖਿਲਾਫ ਜਾਗਰੂਕ ਕਰ ਰਹੇ ਸਨ। ਡਾ. ਦਾਭੋਲਕਰ ਨੇ ਲਗਾਤਾਰ 40 ਸਾਲ ਮਹਾਂਰਾਸ਼ਟਰ ਵਿਚ ਕਥਿਤ ਕਾਲੇ ਜਾਦੂ, ਜਾਦੂ-ਟੂਣੇ, ਚਮਤਕਾਰ, ਜਾਦੂ-ਟੂਣੇ, ਚਮਤਕਾਰ, ਜੋਤਿਸ਼, ਰਾਸ਼ੀਫਲ ਅਤੇ ਕਥਿਤ ਦੈਵੀ ਸ਼ਕਤੀਆਂ ਦੇ ਝੂਠੇ ਦਾਅਵੇਦਾਰ ਪਾਖੰਡੀਆਂ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਵਹਿਮਾਂ-ਭਰਮਾਂ, ਅੰਧ ਵਿਸ਼ਵਾਸਾਂ, ਰੂੜੀਵਾਦੀ ਰਸਮਾਂ, ਨਰਬਲੀ, ਮੂਰਤੀ ਵਿਸਰਜਨ, ਧਾਰਮਿਕ ਅਸਹਿਣਸ਼ੀਲਤਾ, ਜਾਤ-ਪਾਤ, ਛੂਆ-ਛਾਤ, ਨਸ਼ੇ, ਨਾਬਰਾਬਰੀ, ਦਾਜ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਬੁਰਾਈਆਂ ਖਿਲਾਫ ਵੀ ਲਗਾਤਾਰ ਜਾਗਰੂਕਤਾ ਮੁਹਿੰਮ ਚਲਾਈ। ਉਨ੍ਹਾਂ ਨੇ ਪੂਰੇ ਮਹਾਂਰਾਸ਼ਟਰ ਵਿਚ ਇਸ ਤਰਕਸ਼ੀਲ ਸੰਸਥਾ ਦੀਆਂ 200 ਤੋਂ ਵੱਧ ਇਕਾਈਆਂ ਦੀ ਸਥਾਪਨਾ ਕੀਤੀ ਅਤੇ ਲੋਕਾਂ ਵਿਚ ਵਿਗਿਆਨਕ ਸੋਚ ਦਾ ਚਾਨਣ ਫੈਲਾਇਆ।

ਡਾ. ਦਾਭੋਲਕਰ ਦਾ ਇਹ ਦਾਅਵਾ ਸੀ ਕਿ ਧਰਮ ਦੀ ਆੜ ਹੇਠ ਅੰਧ-ਵਿਸ਼ਵਾਸ ਫੈਲਾਉਣ ਅਤੇ ਕਰਮਕਾਂਡਾਂ ਦਾ ਪ੍ਰਚਾਰ-ਪ੍ਰਸਾਰ ਕਰਕੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਪਾਖੰਡੀ ਬਾਬਿਆਂ ਅਤੇ ਸਾਧਾਂ ਨੂੰ ਹਕੂਮਤਾਂ, ਸਿਆਸੀ ਅਤੇ ਫਿਰਕੂ ਨੇਤਾਵਾਂ ਦੀ ਅੰਦਰਖਾਤੇ ਪੂਰੀ ਹਮਾਇਤ ਪ੍ਰਾਪਤ ਹੁੰਦੀ ਹੈ ਅਤੇ ਸਿਆਸੀ ਪਾਰਟੀਆਂ ਅਜਿਹੇ ਵੋਟ ਬੈਂਕ ਨੂੰ ਸੱਤਾ ਹਾਸਿਲ ਕਰਨ ਲਈ ਚੋਣਾਂ ਵੇਲੇ ਖੂਬ ਵਰਤਦੀਆਂ ਹਨ। ਇਸੇ ਲਈ ਹਾਕਮ ਜਮਾਤਾਂ ਨਹੀਂ ਚਾਹੁੰਦੀਆਂ ਕਿ ਲੋਕ ਅੰਧ ਵਿਸ਼ਵਾਸਾਂ, ਕਰਮਕਾਂਡਾਂ ਅਤੇ ਪਾਖੰਡੀਆਂ ਦੇ ਚੁੰਗਲ ਵਿੱਚੋਂ ਬਾਹਰ ਨਿਕਲ ਕੇ ਤਰਕਸ਼ੀਲ ਸੋਚ ਦੇ ਧਾਰਨੀ ਬਣ ਸਕਣ।

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਡਾ. ਦਾਭੋਲਕਰ ਦੇ ਸੁਫਨਿਆਂ ਨੂੰ ਸਾਕਾਰ ਕਰਨ ਦੇ ਮਕਸਦ ਵਜੋਂ ਹਰ ਸਾਲ ਕੋਈ ਨਾ ਕੋਈ ਵਿਗਿਆਨਕ ਚੇਤਨਾ ਪ੍ਰੋਗਰਾਮ ਉਲੀਕਿਆ ਜਾਂਦਾ ਹੈ। ਇਸੇ ਕੜੀ ਹੇਠ ਸੁਸਾਇਟੀ ਵੱਲੋਂ ਸਮੁੱਚੇ ਪੰਜਾਬ ਵਿੱਚ 10 ਅਗਸਤ ਤੋਂ 20 ਅਗਸਤ ਤੱਕ ਡਾ. ਦਾਭੋਲਕਰ ਯਾਦਗਾਰੀ ਸਮਾਜਿਕ ਚੇਤਨਾ ਹਫਤਾ ਮਨਾਇਆ ਗਿਆ।

ਇਸ ਹਫਤੇ ਦੌਰਾਨ ਪੰਜਾਬ ਦੇ ਸਮੂਹ ਦਸ ਜ਼ੋਨਾਂ ਦੀਆਂ 60 ਇਕਾਈਆਂ ਵੱਲੋਂ ਲੋਕਾਂ ਨੂੰ ਧਾਰਮਿਕ ਆਸਥਾ ਹੇਠ ਫੈਲਾਏ ਜਾ ਰਹੇ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ, ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੇ ਲੁੱਟ ਤੋਂ ਬਚਣ, ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਅਤੇ ਮੌਜੂਦਾ ਫਿਰਕੂ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਣ ਲਈ ਜੱਥੇਬੰਦਕ ਸੰਘਰਸ਼ ਵਿੱਢਣ ਪ੍ਰਤੀ ਜਾਗਰੂਕ ਕਰਦੀ ਦੋਵਰਕੀ “ਪੜ੍ਹੋ, ਵਿਚਾਰੋ ਅਤੇ ਅਮਲ ਕਰੋ” ਵਿਦਿਅਕ ਅਦਾਰਿਆਂ, ਸਿਹਤ ਕੇਂਦਰਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਚੌਰਾਹਿਆਂ, ਬਾਜ਼ਾਰਾਂ, ਦੁਕਾਨਾਂ, ਪਾਰਕਾਂ, ਦਫਤਰਾਂ, ਘਰਾਂ ਅਤੇ ਹੋਰਨਾਂ ਜਨਤਕ ਥਾਂਵਾਂ ਵਿੱਚ ਹਜਾਰਾਂ ਦੀ ਗਿਣਤੀ ਵਿਚ ਵੰਡੀ ਗਈ। ਇਸ ਸਬੰਧੀ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਅਧਿਆਪਕਾਂ, ਲੇਖਕਾਂ, ਵਿਦਿਆਰਥੀਆਂ, ਸਨਅਤੀ ਕਾਮਿਆਂ, ਔਰਤਾਂ, ਨੌਜਵਾਨਾਂ, ਦੁਕਾਨਦਾਰਾਂ, ਯਾਤਰੂਆਂ ਆਦਿ ਨਾਲ ਵਿਚਾਰ ਗੋਸ਼ਟੀਆਂ ਵੀ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਜ਼ਿੰਦਗੀ ਵਿਚ ਤਰਕਸ਼ੀਲ ਸੋਚ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਦੇ ਇਲਾਵਾ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਦੋ ਮਾਸਿਕ ਤਰਕਸ਼ੀਲ ਮੈਗਜ਼ੀਨ ਨੂੰ ਪੰਜਾਬ ਦੇ ਹਰ ਪਿੰਡ, ਕਸਬੇ, ਘਰ, ਦੁਕਾਨ, ਦਫਤਰ, ਵਿਦਿਅਕ ਅਦਾਰਿਆਂ ਅਤੇ ਲਾਇਬ੍ਰੇਰੀਆਂ ਵਿਚ ਪਹੁੰਚਾਉਣ ਦੀ ਮੁਹਿੰਮ ਵਜੋਂ ਨਵੇਂ ਪਾਠਕਾਂ ਦੇ ਚੰਦੇ ਕੱਟੇ ਗਏ ਅਤੇ ਤਰਕਸ਼ੀਲ ਸਾਹਿਤ ਵੈਨ ਰਾਹੀਂ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

ਇਸ ਸੰਬੰਧੀ 19 ਅਗਸਤ ਨੂੰ ਨਵਾਂ ਸ਼ਹਿਰ ਜ਼ੋਨ ਵੱਲੋਂ “ਡਾ. ਦਾਭੋਲਕਰ ਦੀ ਸ਼ਹਾਦਤ ਅਤੇ ਅਜੋਕੇ ਸਮੇਂ ਦੀਆਂ ਚੁਣੌਤੀਆਂ” ਵਿਸ਼ੇ ਸੰਬੰਧੀ ਸੈਮੀਨਾਰ ਵੀ ਕਰਵਾਇਆ ਗਿਆ, ਜਿਸ ਦੇ ਮੁੱਖ ਬੁਲਾਰੇ ਪ੍ਰਸਿੱਧ ਜਮਹੂਰੀ ਚਿੰਤਕ ਬੂਟਾ ਸਿੰਘ ਮਹਿਮੂਦਪੁਰ ਨੇ ਡਾ. ਦਾਭੋਲਕਰ ਦੀ ਵਿਗਿਆਨਕ ਚੇਤਨਾ ਲਹਿਰ ਪ੍ਰਤੀ ਪ੍ਰਤੀਬੱਧਤਾ, ਤਰਕਸ਼ੀਲ ਸੰਸਥਾਵਾਂ ਦੀ ਲੋਕ ਪੱਖੀ ਭੂਮਿਕਾ ਅਤੇ ਪਾਖੰਡੀਆਂ ਅਤੇ ਧਾਰਮਿਕ ਜਨੂੰਨੀਆਂ ਦੇ ਖਿਲਾਫ ਚਲਾਈ ਜਾਗਰੂਕਤਾ ਮੁਹਿੰਮ ਬਾਰੇ ਵਿਸਥਾਰ ਵਿੱਚ ਵਿਚਾਰ ਪੇਸ਼ ਕੀਤੇ। ਇਸ ਚੇਤਨਾ ਹਫਤੇ ਦੌਰਾਨ ਡਾ.ਦਾਭੋਲਕਰ ਦੇ ਕਾਤਲਾਂ ਨੂੰ ਬਿਨਾਂ ਕਿਸੇ ਹੋਰ ਦੇਰੀ ਦੇ ਸਖਤ ਸਜ਼ਾਵਾਂ ਦੇਣ ਅਤੇ ਮਹਾਰਾਸ਼ਟਰ ਵਾਂਗ ਪੰਜਾਬ ਵਿੱਚ ਵੀ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਜ਼ੋਰਦਾਰ ਮੰਗ ਵੀ ਕੀਤੀ ਗਈ।

—ਸੁਮੀਤ ਸਿੰਘ

ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੇ ਨਾਂਅ ਦੀ ਤਖਤੀ ਲਗਾਈ

ਲੇਕ ਕਾਊਚਿਨ : ਕੈਨੇਡਾ ਦੇ ਸ਼ਹਿਰ ਅਮਰ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦੀ ਮਹਾਨ ਸ਼ਖਸੀਅਤ ਜਿਨ੍ਹਾਂ ਪਿੰਡ ਲੰਗੇਰੀ ਦੀ ਧਰਤੀ ’ਤੇ ਜਨਮ ਲੈ ਕੇ ਅੰਤਰਰਾਸ਼ਟਰੀ ਪੱਧਰ ’ਤੇ ਨਾਮਣਾ ਖੱਟਿਆ ਅਤੇ ਲੋਕ ਹਿੱਤਾਂ ਦੀ ਖਾਤਰ ਲੋਕ ਦੁਸ਼ਮਣ ਤਾਕਤਾਂ ਨਾਲ ਲੋਹਾ ਲੈਂਦਿਆਂ ਸੀਨੇ ਵਿੱਚ ਗੋਲੀਆਂ ਖਾ ਕੇ 25 ਸਤੰਬਰ 1986 ਨੂੰ ਸ਼ਹਾਦਤ ਦਿੱਤੀ। ਉਹ ਪਿੰਡ ਲੰਗੇਰੀ ਦੇ ਨਹੀਂ ਸਗੋਂ ਪੂਰੀ ਦੁਨੀਆ ਅੰਦਰ ਜਮਹੂਰੀ ਇਨਕਲਾਬੀ ਸਫਾਂ ਅੰਦਰ ਸਤਿਕਾਰਯੋਗ ਰੁਤਬਾ ਰੱਖਦੇ ਹਨ। ਅੱਜ ਕੈਨੇਡਾ ਵਰਗੇ ਵਿਸ਼ਾਲ ਦੇਸ਼ ਅੰਦਰ ਬੀ ਸੀ ਲੇਬਰ ਹੈਰੀਟੇਜ ਸੈਂਟਰ ਵੱਲੋਂ ਵੈਨਕੂਵਰ ਆਈਲੈਂਡ ਦੇ ਸ਼ਹਿਰ ਲੇਕ ਕਾਊਚਿਨ ਵਿੱਚ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੀ ਤਖਤੀ ਦਾ ਲੱਗਣਾ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹੈ ਕਿ ਉਹ ਅੱਜ ਵੀ ਕੈਨੇਡਾ ਵੱਸਦੇ ਇਨਕਲਾਬੀ ਸੋਚ ਰੱਖਣ ਵਾਲੇ ਲੋਕਾਂ ਦੇ ਦਿਲਾਂ ਵਿੱਚ ਕਿੰਨਾ ਸਤਿਕਾਰ ਰੱਖਦੇ ਹਨ, ਜਿਸ ’ਤੇ ਅਸੀਂ ਮਾਣ ਨਾਲ ਸਿਰ ਉੱਚਾ ਰੱਖ ਸਕਦੇ ਹਾਂ। ਉਨ੍ਹਾਂ ਦੇ ਸਤਿਕਾਰ ਵਿੱਚ ਇਸ ਤਖਤੀ ਦਾ ਲੱਗਣਾ ਇੱਕ ਇਤਿਹਾਸਕ ਵਰਤਾਰਾ ਹੈ

27-Aug-Sunday.qxd 8/26/2023 9:00 PM Page 3

ਪ੍ਰਤੀਨਿਧ ਪੰਜਾਬੀ ਮਿੰਨੀ ਕਹਾਣੀਆਂ

ਪਰਖ਼

ਠੱਕ! ਠੱਕ!! ਠੱਕ!!!

ਐਸ ਵੇਲੇ ਕੌਣ ਹੋ ਸਕਦਾ ਹੈ? ਮੈਂ ਸੋਚਿਆ। ਕੋਈ ਦੋਸਤ ਕਿਤਾਬ ਲੈਣ ਆਇਆ ਹੋਵੇਗਾ। ਪੀ.ਸੀ.ਐੱਸ ਦੀ ਤਿਆਰੀ ਜੁਰ ਰਹੇ ਸਾਂ। ਉੱਠਿਆ, ਬਾਰ ਖੋਲ੍ਹਦਿਆਂ ਪੁੱਛਿਆ। ਕੌਣ?

"ਅਸੀਂ।"

"ਐਸ ਵੇਲੇ।"

"ਹਾਂ, ਐਸ ਵੇਲੇ। ਇਹੋ ਵੇਲਾ ਠੀਕ ਸੀ। ਤਾਂ ਹੀ ਤਾਂ ਐਸ ਵੇਲੇ ਆਈਆਂ ਹਾਂ। ਗੁੱਡੀ ਤੇ ਉਸ ਦੇ ਬੀਜੀ ਇਕੱਠੀਆਂ ਬੋਲੀਆਂ।

"ਬੈਠੋ।" ਕੁਰਸੀਆਂ ਵੱਲ ਇਸ਼ਾਰਾ ਕਰਦਿਆਂ ਮੈਂ ਦਰਵਾਜ਼ਾ ਬੰਦ ਕਰ ਦਿੱਤਾ।

ਉਹ ਦੋਵੇਂ, ਯਾਨੀ ਗੁੱਡੀ ਅਤੇ ਉਸ ਦੇ ਬੀਜੀ, ਕੁਰਸੀਆਂ ਉਤੇ ਬੈਠ ਗਈਆਂ।

"ਦੱਸੋ! ਕਿਵੇਂ ਆਉਣਾ ਹੋਇਆ?"

"ਆਉਣਾ ਕੀ ਹੈ? ਤੈਥੋਂ ਫੈਸਲਾ ਲੈਣ ਆਈਆਂ ਹਾਂ।"

"ਮੈਥੋਂ!"

"ਹਾਂ, ਤੈਥੋਂ! ਇਹ ਤੇਰੇ 'ਤੇ ਨਿਰਭਰ ਕਰਦਾ ਹੈ, ਪਰ ਫੈਸਲਾ ਸਹੀ ਕਰੀਂ।" ਗੁੱਡੀ ਦੇ ਬੀਜੀ ਕੁਝ ਕੁਰੱਖ਼ਤ ਜਿਹੇ ਬੋਲੇ।

"ਤੁਸੀਂ ਕੀ ਕਹਿ ਰਹੇ ਹੋ ਬੀਜੀ?"

"ਮੈਂ ਠੀਕ ਕਹਿ ਰਹੀ ਹਾਂ।"

ਗੁੱਡੀ ਰੋਈ ਜਾ ਰਹੀ ਸੀ। ਉਹ ਵੀ ਹਟਕੋਰੇ ਲੈ-ਲੈ ਕੇ। ਤੇ ਮੈਂ ਧੁਰ ਅੰਦਰੋਂ ਕੰਬੀ ਜਾ ਰਿਹਾ ਸਾਂ ਕਿ ਪਤਾ ਨਹੀਂ ਅਗਲੇ ਪਲ ਕਿਹੜਾ ਵਿਸਫੋਟ ਹੋਵੇਗਾ।

"ਗੁੱਡੀ ਕਿਉਂ ਰੋ ਰਹੀ ਹੈ, ਦੱਸੋ?"

"ਇਸੇ ਰੋਣ ਦਾ ਤਾਂ ਸਿਆਪਾ ਹੈ?"

"ਕਿਉਂ?"

"ਲੋਕ ਗੱਲਾਂ ਬਣਾਉਂਦੇ ਹਨ। ਕਹਿੰਦੇ ਨੇ, ਤੁਹਾਡੀ ਕੁੜੀ ਪ੍ਰੋਫੈਸਰ ਨਾਲ ਮਾੜੀ ਹੈ।"

ਮੈਂ ਇੱਕਦਮ ਤ੍ਰਬਕਿਆ, "ਬੀਜੀ ਤੁਸੀਂ ਇਹ ਕੀ ਕਹਿ ਰਹੇ ਹੋ?"

"ਹਾਂ, ਮੈਂ ਸੱਚ ਕਹਿ ਰਹੀ ਹਾਂ। ਲੋਕ ਇਹੀ ਕਹਿੰਦੇ ਹਨ।"

ਮੈਂ ਬਹੁਤ ਦੁਖੀ ਹਾਂ, "ਸੁੱਖ", ਕਹਿੰਦਿਆਂ ਬੀਜੀ ਨੇ ਆਪਣੇ ਸਿਰ ਤੋਂ ਚੁੰਨੀ ਲਾਹ ਕੇ ਮੇਰੇ ਪੈਰਾਂ 'ਤੇ ਰੱਖ ਦਿੱਤੀ।

ਮੈਂ ਚੁੰਨੀ ਚੁੱਕੀ ਅਤੇ ਸਤਿਕਾਰ ਸਹਿਤ ਚੁੰਨੀ ਨੂੰ ਬੀਜੀ ਦੇ ਸਿਰ ਉੱਤੇ ਟਿਕਾ ਦਿੱਤਾ, ਪਰ ਹੰਝੂ ਆਪ-ਮੁਹਾਰੇ ਮੇਰੀਆਂ ਅੱਖਾਂ 'ਚੋਂ ਵਹਿ ਤੁਰੇ।

ਬੀਜੀ ਖੁਦ ਵੀ ਰੋ ਰਹੇ ਸਨ। ਗੁੱਡੀ ਮੈਨੂੰ ਚਿੰਬੜ ਕੇ ਹਟਕੋਰੇ ਲੈਂਦੀ ਬੋਲੀ, "ਵੀਰੇ ਬੱਸ! ਤੂੰ ਐਨਾ ਨੀਵਾਂ ਨਾ ਹੋ। ਮੈਂ ਤੇਰੀ ਪੱਗ ਨੂੰ ਦਾਗ ਨਹੀਂ ਲੱਗਣ ਦਿਆਂਗੀ। ਮੈਂ ਤੈਨੂੰ ਵੀਰ ਤੋਂ ਵੱਧ ਕਦੇ ਕੁਝ ਨਹੀਂ ਸਮਝਿਆ, ਇਹੀ ਮੈਨੂੰ ਨਹੀਂ ਸਮਝ ਸਕੇ।"

ਬੀਜੀ ਨੇ ਮੈਨੂੰ ਅਤੇ ਗੁੱਡੀ ਨੂੰ ਆਪਣੀ ਬੁੱਕਲ ਵਿਚ ਲੈਂਦਿਆਂ ਕਿਹਾ, "ਬੱਚਿਓ! ਮੈਨੂੰ ਮੁਆਫ ਕਰਨਾ.. ਮੈਂ ਤਾਂ ਤੁਹਾਡੀ ਪਰਖ ਹੀ ਕਰਨੀ ਸੀ। ਮੈਂ ਇਸ ਦੀ ਹਮੇਸ਼ਾ ਹਾਮੀ ਭਰੀ ਹੈ ਕਿ ਕਈ ਰਿਸ਼ਤੇ ਕੁੱਖੋਂ ਜੰਮਿਆਂ ਨਾਲੋਂ ਵੀ ਗੂੜ੍ਹੇ ਹੋ ਸਕਦੇ ਹਨ। ਇਹ ਤੁਸਾਂ ਸਾਬਤ ਕਰ ਦਿੱਤਾ ਹੈ।"

"ਚੱਲ ਗੁੱਡੀ ਚੱਲ। ਪੱਪੂ ਉਡੀਕਦਾ ਹੋਵੇਗਾ, ਤੇਰਾ ਛੋਟਾ ਵੀਰ।"

ਗੁੱਡੀ ਤੇ ਬੀਜੀ ਦਰਵਾਜ਼ਿਓਂ ਅਛੋਪਲੇ ਜਿਹੇ ਬਾਹਰ ਹੋ ਗਈਆਂ।

ਮੈਂ ਨਿਸ਼ਚਿੰਤ ਗੂੜ੍ਹੀ ਨੀਂਦੇ ਸੌਂ ਗਿਆ।

-ਸੁਖਚਰਨ ਸਿੰਘ ਸਿੱਧੂ

ਪਾਣੀ ਦੀ ਘੁੱਟ

ਸ਼ਾਂਤੀ ਦੇ ਪੁੰਜ ਗੁਰੂ ਜੀ ਦਾ ਸ਼ਹੀਦੀ ਦਿਹਾੜਾ ਹੋਣ ਕਰਕੇ ਨੂੰਹ-ਪੁੱਤ ਸਜ-ਧਜ ਕੇ ਗੁਰਦੁਆਰਾ ਸਾਹਿਬ ਜਾਣ ਲਈ ਤਿਆਰ ਖੜ੍ਹੇ ਸਨ। ਅਚਾਨਕ ਬਾਪੂ ਨੇ ਵੇਖਿਆ ਕਿ ਉਸ ਦੇ ਵਾਟਰ ਕਨਟੇਨਰ ਵਿੱਚੋਂ ਪਾਣੀ ਮੁੱਕ ਗਿਆ ਸੀ। ਉਸ ਨੇ ਆਉਣ ਵਾਲੇ ਸਮੇਂ ਵਿਚ ਪਾਣੀ ਦੀ ਲੋੜ ਨੂੰ ਭਾਂਪਦਿਆਂ ਆਵਾਜ਼ ਮਾਰੀ, "ਪੁੱਤ ਮੀਤਿਆ! ਮੇਰੇ ਭਾਂਡੇ ਵਿਚ ਪਾਣੀ ਪਾ ਜਾਓ। ਮੈਂ ਥੋਡੇ ਪਿੱਛੋਂ ਜਦ ਵਾਰ-ਵਾਰ ਤ੍ਰੇਹ ਲੱਗੂ ਤਾਂ ਪੀ ਲਿਆ ਕਰੂੰ।"

ਪੁੱਤ ਤਲਖੀ ਨਾਲ ਲੋਹਾ-ਲਾਖਾ ਹੋ ਕੇ ਬੋਲਿਆ, "ਬੁੜਿਆ ਤੈਨੂੰ ਕਿੰਨੀ ਵਾਰ ਆਖਿਆ ਪਈ ਤੁਰਦਿਆਂ ਨੂੰ ਪਿੱਛੋਂ 'ਵਾਜ਼ ਨਾ ਮਾਰਿਆ ਕਰ, ਪਰ ਤੂੰ ਆਦਤ ਤੋਂ ਮਜਬੂਰ ਐਂ। ਇਤਨੇ ਸਮੇਂ ਵਿਚ ਪਾਣੀ ਬਿਨਾਂ ਜਾਨ ਤਾਂ ਨ੍ਹੀ ਨਿਕਲਜੂ।" ਇਹ ਕਹਿੰਦਿਆਂ ਉਹ ਮੋਟਰਸਾਇਕਲ 'ਤੇ ਕਿੱਕ ਮਾਰ ਕੇ ਹਵਾ ਹੋ ਗਏ ਸਨ।

ਉਨ੍ਹਾਂ ਗੁਰਦੁਆਰੇ ਜਾ ਕੇ ਪਹਿਲਾਂ ਇਸ਼ਨਾਨ ਕੀਤਾ। ਦੇਗ ਤੇ ਮਾਇਆ ਭੇਟ ਕਰਕੇ ਗੁਰ ਚਰਨਾਂ ਵਿਚ ਨਤਮਸਤਕ ਹੋਏ। ਵਿਹਲੇ ਹੋ ਕੇ ਬਾਹਰ ਲੱਗੀ ਛਬੀਲ ਲਈ ਨਕਦੀ ਜਮ੍ਹਾਂ ਕਰਵਾ ਕੇ ਆਪਣੇ ਹੱਥੀਂ ਸੰਗਤਾਂ ਨੂੰ ਠੰਢਾ-ਮਿੱਠਾ ਜਲ ਛਕਾਉਣ ਦੀ ਸੇਵਾ ਵਿਚ ਮਸਤ ਹੋ ਗਏ।

ਉੱਧਰ ਅੱਤ ਦੀ ਗਰਮੀ ਹੋਣ ਕਰਕੇ ਉੱਠਣ ਤੋਂ ਅਸਮਰੱਥ ਪਿਆਸੇ ਬਾਪੂ ਦੀਆਂ ਅੱਖਾਂ ਤਾੜੇ ਲੱਗ ਗਈਆਂ। ਅੰਤਲੇ ਸਮੇਂ ਵਿਚ ਉਸ ਦੇ ਮੂੰਹ ਵਿਚ ਪਾਣੀ ਦੀ ਘੁੱਟ ਪਾਉਣ ਵਾਲਾ ਵੀ ਕੋਈ ਨਹੀਂ ਸੀ।

-ਬੋਹੜ ਸਿੰਘ ਮੱਲਣ

ਰਾਵਣ

ਅਖ਼ਬਾਰ ਵਿਚ ਦਸ ਸਿਰਾਂ ਵਾਲੇ ਰਾਵਣ ਦੀ ਫੋਟੋ ਦੇਖ ਕੇ ਬੱਚੇ ਨੇ ਪਿਤਾ ਨੂੰ ਪੁੱਛਿਆ, "ਪਾਪਾ, ਦਸ ਸਿਰਾਂ ਵਾਲੇ ਰਾਵਣ ਹੁਣ ਕਿਉਂ ਨ੍ਹੀ ਪੈਦਾ ਹੁੰਦੇ?"

"ਹੁੰਦੇ ਐ ਬੇਟੇ, ਤੈਨੂੰ ਕਿਸ ਕਿਹਾ ਹੁਣ ਰਾਵਣ ਪੈਦਾ ਨ੍ਹੀ ਹੁੰਦੇ?" ਪਿਤਾ ਨੇ ਪੁੱਤਰ ਨੂੰ ਫਿਰ ਸਵਾਲ ਕਰ ਦਿੱਤਾ।

"ਪਰ ਪਾਪਾ, ਕਿਤੇ ਦੇਖੇ ਤਾਂ ਹੈਨੀ!" ਪੁੱਤਰ ਨੇ ਫਿਰ ਸਵਾਲ ਕੀਤਾ।

"ਬੇਟੇ, ਇਹ ਵੋਟਾਂ ਲੈ ਕੇ ਰਾਜਧਾਨੀ ਚਲੇ ਜਾਂਦੇ ਨੇ। ਫਿਰ ਇਨ੍ਹਾਂ ਨੇ ਉੱਥੇ ਹੀ ਪੰਜ ਸਾਲ ਰਾਵਣ ਲੀਲ੍ਹਾ ਖੇਡਣੀ ਹੁੰਦੀ ਐ। ਇਸ ਲਈ ਆਪਾਂ ਨੂੰ ਪਿੰਡਾਂ 'ਚ ਦਿਖਾਈ ਨ੍ਹੀ ਦਿੰਦੇ।"

"ਪਰ ਪਾਪਾ ਜੀ, ਵੋਟਾਂ ਵੇਲੇ ਵੀ ਇਨ੍ਹਾਂ ਦੇ ਦਸ ਸਿਰ ਨਹੀਂ, ਸਗੋਂ ਇਕ ਈ ਹੁੰਦਾ ਐ?" ਬੇਟੇ ਨੇ ਫਿਰ ਸਵਾਲ ਦਾਗ ਦਿੱਤਾ।

"ਬੇਟੇ, ਉਦੋਂ ਇਹ ਰਾਮ ਜੀ ਦਾ ਸਿਰ ਲਾ ਕੇ ਆਉਂਦੇ ਨੇ।"

—o—

ਸ਼ੀਸ਼ਾ / ਹਰਿੰਦਰ ਸਿੰਘ ਗੋਗਨਾ

"ਵੀਰੇ ਮੇਰੇ ਮੋਬਾਈਲ ਦਾ ਨੈੱਟ ਪੈਕੇਜ ਖਤਮ ਹੋ ਗਿਆ...ਜਾਂਦੇ ਜਾਂਦੇ ਰੀਚਾਰਜ ਕਰਵਾ ਦੇਵੀਂ...ਬੋਰ ਹੋ ਰਹੀ ਆਂ...।" ਸ਼ੀਬਾ ਨੇ ਸ਼ੀਸ਼ੇ ਸਾਹਮਣੇ ਵਾਲ ਸੰਵਾਰਦੇ ਆਪਣੇ ਭਰਾ ਨੂੰ ਕਿਹਾ।

"ਬਸ ਬਸ...ਅੱਜ ਤੋਂ ਤੇਰਾ ਕੋਈ ਰੀਚਾਰਜ ਨਹੀਂ ਕਰਵਾਉਣਾ...ਮੈਨੂੰ ਸਭ ਪਤੈ ਤੂੰ ਕੀਹਦੇ-ਕੀਹਦੇ ਨਾਲ ਚੈਟਿੰਗ ਕਰ ਰਹੀ ਐਂ...ਬਹੁਤ ਵਿਗੜ ਗਈ ਤੂੰ...। ਸੁਧਰ ਜਾਹ, ਜੇ ਪਾਪਾ ਨੂੰ ਪਤਾ ਲੱਗ ਗਿਆ ਤਾਂ ਤੇਰੀ ਖ਼ੈਰ ਨਹੀਂ।" ਆਪਣੀ ਭੈਣ ਸ਼ੀਬਾ ਨੂੰ ਅੱਖਾਂ ਵਿਖਾਉਂਦਿਆਂ ਹੈਰੀ ਬੋਲਿਆ।

ਤਦੇ ਉਸ ਦੇ ਮੋਬਾਈਲ ਵਿਚ ਮਿਸ ਕਾਲ ਆਈ। ਉਹ ਮੋਬਾਈਲ ਵੱਲ ਲਪਕਿਆ। ਕਾਲ ਦੇਖ ਕੇ ਉਹ ਬਾਹਰ ਵੱਲ ਜਾਣ ਹੀ ਲੱਗਾ ਸੀ ਕਿ ਸ਼ੀਬਾ ਬੋਲੀ, "ਇਕ ਮਿੰਟ, ਮੈਨੂੰ ਤਾਂ ਤੂੰ ਨਸੀਹਤ ਦੇ ਦਿੱਤੀ...ਆਹ ਜਿਹੜੀਆਂ ਕੁੜੀਆਂ ਦੇ ਫੋਨ ਆਉਂਦੇ ਨੇ ਤੈਨੂੰ ਇਹ ਬੜੀ ਚੰਗੀ ਗੱਲ ਐ...ਜੇ ਭਾਬੀ ਨੂੰ ਪਤਾ ਲੱਗ ਗਿਆ ਤਾਂ ਪਤਾ ਲੱਗ ਜੂ...।"

"ਚੁੱਪ ਰਹਿ...ਜ਼ਿਆਦਾ ਨਾ ਬੋਲ...ਤੂੰ ਕੁੜੀ ਜਾਤ ਐਂ ਆਪਣੀ ਹੱਦ ਵਿਚ ਰਹਿ।" ਏਨਾ ਕਹਿ ਕੇ ਉਹ ਦਰਵਾਜ਼ਾ ਪਟਕਦਿਆਂ ਭਾਵੇਂ ਤੇਜ਼ ਕਦਮੀਂ ਬਾਹਰ ਤਾਂ ਲੰਘ ਗਿਆ ਸੀ, ਪਰ ਉਸ ਇੱਕ ਅੰਦਰ ਧੜਕ ਜ਼ਰੂਰ ਲੱਗ ਗਿਆ ਸੀ।

-ਜਸਵੀਰ ਭਲੂਰੀਆ

ਸਲੂਕ

ਤਿੰਨਾਂ ਭਰਾਵਾਂ ਵਿਚ ਅੱਜ ਜ਼ਬਰਦਸਤ ਬਹਿਸ ਛਿੜ ਪਈ।

"ਮੇਰਾ ਤਾਂ ਆਪਣਾ ਖਰਚਾ ਮਸਾਂ ਤੁਰਦੈ, ਮੈਂ ਇਨ੍ਹਾਂ ਨੂੰ ਕਿੱਥੋਂ ਰੋਟੀ ਖੁਆਵਾਂ।" ਵਿਚਕਾਰਲਾ ਮੁੰਡਾ ਗੁੱਸੇ ਵਿਚ ਅੱਜ ਬੁੱਢੇ ਮਾਂ-ਪਿਉ ਦੇ ਸਾਹਮਣੇ ਹੀ ਬੋਲ ਪਿਆ।

"ਕਿਉਂ ਨਹੀਂ ਖੁਆ ਸਕਦਾ? ਤੂੰ ਪੁੱਤਰ ਨਹੀਂ ਇਨ੍ਹਾਂ ਦਾ?"

"ਤੇ ਤੂੰ? ਤੂੰ ਕੀ ਏਂ? ਤੂੰ ਵੀ ਤਾਂ ਪੁੱਤਰ ਏਂ, ਤੂੰ ਰੱਖ ਲੈ ਆਪਣੇ ਨਾਲ ?" ਵਿਚਕਾਰਲਾ ਛੋਟੇ ਨੂੰ ਟੁੱਟ ਕੇ ਪੈ ਗਿਆ।

"ਵੇ ਨਾ ਲੜੋ ਤੁਸੀਂ, ਰੱਬ ਦਾ ਵਾਸਤਾ ਜੇ। ਅਸੀਂ ਵੱਡੇ ਨਾਲ ਈ ਰਹੀ ਜਾਨੇ ਆਂ।" ਬੁੱਢੀ ਮਾਂ ਹੰਝੂ ਪੂੰਝਦੀ ਅਜੇ ਬੋਲੀ ਹੀ ਸੀ ਕਿ ਵੱਡਾ ਮੁੰਡਾ ਤੁਣਕ ਪਿਆ, "ਬੇਬੇ, ਮੈਂ ਕੀ ਕਰਾਂ? ਆਪ ਈ ਦੱਸੋ ਤੁਸੀਂ। ਥੋੜ੍ਹੀ ਜਿਹੀ ਤਨਖਾਹ ਵਿਚ ਆਪਣੀ ਪੂਰੀ ਨਹੀਂ ਪੈਂਦੀ, ਮੈਨੂੰ ਈ ਪਤੈ ਅਜੇ ਤੱਕ ਕਿਵੇਂ ਔਖਾ ਹੋ-ਹੋ ਸਮਾਂ ਕਢਿਐ ਮੈਂ.. ਤੇ ਇਹ ਦੋਵੇਂ ਥੋੜ੍ਹੀ ਦੇਰ ਵਿਚ ਈ ਅੱਕ ਗਏ।"

"ਵੇ ਸ਼ਰਮ ਕਰੋ ਤੁਸੀਂ। ਅਸੀਂ ਸਾਰੀ ਉਮਰ ਥੁੜਾਂ ਵਿਚ ਈ ਤੁਹਾਨੂੰ ਪਾਲਿਆ ਹੈ। ਆਪਣੇ ਮੂੰਹ 'ਚੋਂ ਕੱਢ ਕੇ ਥੋੜੇ ਮੂੰਹ ਵਿਚ ਪਾਈ। ਖ਼ੂਨ-ਪਸੀਨੇ ਨਾਲ ਕੀਤੀ ਕਮਾਈ ਆਪ ਨੂੰ ਛੱਡ ਕੇ ਥੋੜੇ 'ਤੇ ਖਰਚੀ। ਤੁਹਾਡੀ ਖੁਸ਼ੀ ਪਹਿਲਾਂ ਵੇਖੀ। ਮਕਾਨ ਬਣਾ ਕੇ ਤੁਹਾਨੂੰ ਦੇ ਦਿੱਤਾ ਤੇ ਅੱਜ ਤੁਸੀਂ ਕਮਾਉਣ ਜੋਗੇ ਹੋ ਗਏ ਤਾਂ ਸਾਨੂੰ ਕੁੱਤੇ ਵਾਂਗ ਦੁਰਕਾਰ ਰਹੇ ਓ। ਲਾਹਨਤ ਐ ਥੋੜੇ ਵਰਗੀ ਔਲਾਦ 'ਤੇ, ਇਹਦੇ ਨਾਲੋਂ ਤਾਂ ਸਾਨੂੰ ਬੇਔਲਾਦੇ ਮਰ ਜਾਂਦੇ...." ਕਹਿੰਦੇ-ਕਹਿੰਦੇ ਬਾਪੂ ਨੂੰ ਇਕਦਮ ਸੀਨੇ ਵਿਚ ਜ਼ਬਰਦਸਤ ਦਰਦ ਉੱਠਿਆ।

ਇਸ ਤੋਂ ਪਹਿਲਾਂ ਕਿ ਮੁੰਡੇ ਕੁਝ ਹੋਰ ਬੋਲਦੇ, ਉਹ ਉਥੇ ਈ ਢੇਰ ਹੋ ਗਿਆ।

ਬਾਪੂ ਜਾ ਚੁੱਕਾ ਸੀ। ਰੋਣ-ਧੋਣ, ਸੰਸਕਾਰ ਤੇ ਭੋਗ ਦੀਆਂ ਰਸਮਾਂ ਤੋਂ ਬਾਅਦ ਅੱਜ ਜਦ ਸਭ ਵਿਹਲੇ ਹੋ ਕੇ ਆਏ ਤਾਂ ਵਿਹੜੇ ਵਿਚ ਬੈਠੀ ਮਾਂ ਦੀਆਂ ਜਿਉਂ ਹੀ ਬੱਚਿਆਂ ਨਾਲ ਅੱਖਾਂ ਮਿਲੀਆਂ, ਉਹ ਇਕਦਮ ਉੱਠੀ ਤੇ ਆਪਣਾ ਝੋਲਾ ਚੁੱਕ ਕੇ ਬਿਨਾਂ ਕੁੱਝ ਬੋਲੇ ਬੂਹਿਉਂ ਬਾਹਰ ਹੋ ਗਈ।

- ਮਨਪ੍ਰੀਤ ਕੌਰ ਭਾਟੀਆ

ਡਰ

ਰਮੇਸ਼ ਦੀ ਮਾਸੀ ਦੇ ਘਰ ਜਗਰਾਤਾ ਸੀ। ਪਰਵਾਰ ਦਾ ਜਗਰਾਤੇ ਵਿਚ ਸ਼ਾਮਲ ਹੋਣਾ ਜ਼ਰੂਰੀ ਸੀ। ਰਮੇਸ਼ ਦੀ ਪਤਨੀ ਸੁਨੀਤਾ ਜਗਰਾਤੇ ਵਿਚ ਜਾਣ ਤੋਂ ਕਤਰਾ ਰਹੀ ਸੀ।

"ਮੈਂ ਕਾਕੇ ਨੂੰ ਲੈ ਕੇ ਘਰ ਈ ਰੁਕ ਜਾਨੀ ਆਂ।" ਉਸ ਨੇ ਰਮੇਸ਼ ਨੂੰ ਕਿਹਾ।

"ਕਿਉਂ?"

"ਪਿਛਲੀ ਵਾਰ ਸਪੀਕਰਾਂ ਦੇ ਰੌਲੇ-ਰੱਪੇ 'ਚ ਕਾਕੇ ਨੇ ਰੋ-ਰੋ ਕੇ ਬੁਰਾ ਹਾਲ ਕਰ ਲਿਆ ਸੀ।"

"ਤੂੰ ਰਾਤ ਨੂੰ 'ਕੱਲੀ ਕਿਵੇਂ ਰਹੇਂਗੀ, ਡਰ ਨ੍ਹੀ ਲੱਗੂਗਾ?"

"ਡਰ ਕਾਹਦਾ! ਆਪਣਾ ਘਰ ਏ।" ਸੁਨੀਤਾ ਦੇ ਜਵਾਬ ਵਿੱਚ ਬਹੁਤ ਹੌਸਲਾ ਸੀ।

"ਚੰਗਾ ਠੀਕ ਐ।" ਕਹਿ ਕੇ ਰਮੇਸ਼ ਬੇਬੇ-ਬਾਪੂ ਦੇ ਕਮਰੇ ਵੱਲ ਵਧਿਆ।

"ਤੁਸੀਂ ਹਾਲੇ ਤੀਕ ਤਿਆਰ ਨ੍ਹੀ ਹੋਏ? ਛੇ ਵੱਜਗੇ ਆਪਾਂ ਸੱਤ ਵਜੇ ਵੀ ਤੁਰੇ ਤਾਂ ਨੌਂ ਵੱਜ ਜਾਣੇ ਐਂ ਪਹੁੰਚਦਿਆਂ। ਜ਼ਰਾ ਛੇਤੀ ਕਰੋ।"

ਰਮੇਸ਼ ਦੀ ਗੱਲ ਸੁਣ ਕੇ ਬੇਬੇ ਤਾਂ ਤਿਆਰ ਹੋਣ ਲੱਗ ਪਈ, ਪਰ ਬਾਪੂ ਜੀ ਨਹੀਂ ਉੱਠੇ। ਰਮੇਸ਼ ਦੇ ਮੁੜ ਕਹਿਣ ਉੱਤੇ ਉਹ ਢਿੱਲੀ ਜਿਹੀ ਆਵਾਜ਼ ਵਿਚ ਬੋਲੇ, "ਨਹੀਂ, ਮੇਰੀ ਤਬੀਅਤ ਕੁਝ ਠੀਕ ਨਹੀਂ ਤੁਸੀਂ ਜਾ ਆਓ।"

"ਹੁਣੇ ਤਾਂ ਤੁਸੀਂ ਚੰਗੇ-ਭਲੇ ਸੀ। ਸਭ ਤੋਂ ਪਹਿਲਾਂ ਤਿਆਰ ਸੀ ਜਾਣ ਨੂੰ, ਅਚਾਨਕ ਕੀ ਹੋ ਗਿਆ?" ਰਮੇਸ਼ ਹੈਰਾਨ ਸੀ।

"ਨਹੀਂ, ਮੈਂ ਘਰ ਈ ਰੁਕਦਾਂ। ਨਾਲੇ ਸੁਨੀਤਾ ਵੀ ਘਰ 'ਕੱਲੀ ਨਾ ਰਹੂ।" ਕਹਿ ਉਹਨਾਂ ਨੇ ਰਮੇਸ਼ ਕੋਲ ਖੜ੍ਹੀ ਸੁਨੀਤਾ ਵੱਲ ਤੱਕਿਆ।

ਬਾਪੂ ਜੀ ਦੀ ਗੱਲ ਸੁਣ ਸੁਨੀਤਾ ਆਪਣੇ ਕਮਰੇ ਵੱਲ ਨੂੰ ਹੋ ਤੁਰੀ। ਕੁਝ ਦੇਰ ਵਿਚ ਉਹ ਕਾਕੇ ਨਾਲ ਜਾਣ ਨੂੰ ਤਿਆਰ ਖੜੀ ਸੀ।

"ਕੀ ਗੱਲ ਹੁਣ ਤੂੰ ਏਡੀ ਛੇਤੀ ਜਾਣ ਨੂੰ ਤਿਆਰ ਵੀ ਹੋਗੀ? ਹੁਣ ਨ੍ਹੀ ਡਰ ਲੱਗਣਾ ਕਾਕੇ ਨੂੰ?"

"ਮੈਂ ਸੋਚਿਆ, ਇਉਂ ਕਦੋਂ ਤੱਕ ਚੱਲੂ ਆਖਰ ਤਾਂ ਕਾਕੇ ਦੇ ਮਨ 'ਚੋਂ ਡਰ ਕੱਢਣਾ ਈ ਪਊ।"

- ਡਾ. ਪੂਨਮ ਗੁਪਤ

ਪਛਤਾਵਾ

ਬਾਬਾ ਬਖਤੌਰਾ ਸੜਕ 'ਤੇ ਧੜਾਮ ਦੇਣੀ ਡਿੱਗਿਆ। ਸਾਇਕਲ ਦਾ ਚੱਕਾ ਵੀ ਵਿੰਗਾ ਹੋ ਗਿਆ। ਉਹਦੇ ਗੋਡਿਆਂ 'ਤੇ ਜ਼ਿਆਦਾ ਸੱਟ ਲੱਗੀ। ਕੋਲੋਂ ਲੰਘਦੇ ਲੰਬੜਾਂ ਦੇ ਚਰਨੇ ਨੇ ਮਸਾਂ ਹੀ ਉਠਾਇਆ।

"ਉਹੋ ਕਿਵੇਂ ਹੋ ਗਿਆ ਤਾਇਆ, ਤੇਰਾ ਐਕਸੀਡੈਂਟ..?"

"ਓ ਭਾਈ, ਉਹ ਤੇਲੀਆਂ ਦਾ ਜ਼ਹੀਰੂ ਇੱਧਰ ਨੂੰ ਰੋੜੇ ਜਿਹੇ ਮਾਰਦਾ ਤਾਂ, ਮੈਂ ਸੋਚਿਆ ਬਚ ਕੇ ਲੰਘ ਜੂੰਗਾ ਪਰ ਰੋੜਾ ਠਾਹ ਕਰਕੇ ਲੱਗਾ ਹੈਂਡਲ 'ਤੇ ਮੈਂ ਤਾਂ ਘੁੰਮ ਹੀ ਗਿਆਜਾ ਪਿਆ ਸੜਕ 'ਤੇ"

"ਮਾਂ-ਬਾਪ ਵੀ ਸਮਝਾਉਂਦੇ ਨੀਂ ਜੁਆਕਾਂ ਨੂੰ ਜੇ ਤਾਇਆ ਕੋਈ ਹੱਡੀ ਟੁੱਟ ਜਾਂਦੀ ਤਾਂ ਹੋ ਜਾਣਾ ਸੀ ਜੱਬ ਖੜ੍ਹਾ।"

"ਓ ਚਰਨਿਆ ਮਾਂ-ਬਾਪ ਤਾਂ ਬਥੇਰੇ ਸਾਊ ਐ ਭਾਈ ਜੇ ਔਲਾਦ ਹੀ ਕੁਪੱਤੀ ਹੋਵੇ ਫੇ।"

"ਸਕੂਲ ਵਿਚ ਮਾਸਟਰ ਵੀ ਨ੍ਹੀ ਸਮਝਾਉਂਦੇ ਹੁਣ ਤਾਂ ..ਜੁਆਕ ਕੋਈ ਡਰਦਾ ਈ ਨ੍ਹੀ ਪਹਿਲਾਂ ਮਾਸਟਰਾਂ ਅੱਗੇ ਸਾਹ ਸੂਤੇ ਜਾਂਦੇ ਤੇ, ਹੁਣ ਤਾਂ ਆਕੜ-ਆਕੜ ਕੇ ਤੁਰਦੇ ਆ..।" ਚਰਨੇ ਨੇ ਤਾਏ ਨੂੰ ਇੱਕ ਪਾਸੇ ਬਿਠਾਉਂਦਿਆਂ ਕਿਹਾ।

"ਭਾਈ ਮਾਸਟਰਾਂ ਦਾ ਕਿਆ ਕਸੂਰ ਆ..? ਉਨ੍ਹਾਂ ਦੇ ਹੱਥ ਤਾਂ ਸਰਕਾਰਾਂ ਨੇ ਬੰਨ੍ਹ ਤੇ ਅਖੇ ਕਹਿਣਾ ਹੀ ਕੁੱਝ ਨਹੀਂ ਜੁਆਕਾਂ ਨੂੰ ਭਲਾਂ ਦੱਸੋ, ਡਰ ਬਿਨਾਂ ਵੀ ਕੋਈ ਕੰਮ ਸਿਰੇ ਚੜ੍ਹਿਆ। ਜੇ ਮੌਤ ਦਾ ਡਰ ਨਾ ਹੋਵੇ , ਤਾਂ ਭਜਨ ਬੰਦਗੀ ਵੀ ਕੋਈ ਨ੍ਹੀਂ ਕਰਦਾ..।"

ਪਰ੍ਹੇ ਹਟ ਕੇ ਖੜ੍ਹੇ ਜ਼ਹੀਰੂ ਦੇ ਦਿਲ 'ਤੇ ਸਾਰੀਆਂ ਗੱਲਾਂ ਹਥੌੜੇ ਵਾਂਗ ਸੱਟ ਮਾਰ ਰਹੀਆਂ ਸਨ। ਬਜ਼ੁਰਗ ਦੇ ਗੋਡਿਆਂ 'ਤੇ ਲੱਗੀ ਸੱਟ ਨੇ ਉਸ ਦੇ ਦਿਲ ਨੂੰ ਹਲੂਣ ਕੇ ਰੱਖ ਦਿੱਤਾ ਸੀ। ਨੈਣਾਂ 'ਚੋਂ ਪਰਲ-ਪਰਲ ਵਗਦੇ ਪਛਤਾਵੇ ਦੇ ਹੰਝੂ ਦਿਲ ਦੀ ਕਹਾਣੀ ਕਹਿਣ ਲੱਗੇ।

- ਮਨਜੀਤ ਕੌਰ ਅੰਬਾਲਵੀ

ਸਫ਼ਾ 2 ਦੀ ਬਾਕੀ

ਪਰੰਪਰਾਵਾਦੀ ਦੇਸ਼ ਵਿਚ ਲੋਕਤਾਂਤਰਿਕ...

ਆਉਂਦਾ। ਉਸ ਨੂੰ ਫਿਲਮ ਬਾਰੇ ਪਤਾ ਹੈ, ਉਸ ਦੀ ਗੁਣਵੱਤਾ ਬਾਰੇ ਗਿਆਨ ਹੈ। ਇਹ ਜੋ ਹੱਥ ਵਿਚ ਮੋਬਾਇਲ ਫੜ ਕੇ ਫਿਲਮਾਂ ਬਣ ਰਹੀਆਂ ਹਨ, ਉਹ ਉਸ ਨੂੰ ਬਕਵਾਸ ਕੈਟਾਗਰੀ ਵਿਚ ਰੱਖਦਾ

27-Aug-Sunday.qxd 8/26/2023 9:00 PM Page 2

ਅਣਗੌਲੇ ਨਾਇਕ-3

ਡਾ. ਗੁਰਦੇਵ ਸਿੰਘ ਸਿੱਧੂ

ਗਦਰੀ ਬਾਬਾ ਨਿਧਾਨ ਸਿੰਘ ਮਹੇਸਰੀ

ਨਿਧਾਨ ਸਿੰਘ ਦੀ ਦੇਸ਼ ਵਾਪਸੀ

ਮਾਸਕੋ ਵਿਚਲੇ ਬਰਤਾਨਵੀ ਦੂਤਾਵਾਸ ਵੱਲੋਂ ਇਹਨਾਂ ਗਦਰੀਆਂ ਦੇ ਦੇਸ਼ ਪਰਤਣ ਲਈ ਲੋੜੀਂਦੇ ਦਸਤਾਵੇਜ਼ ਤਿਆਰ ਕਰਨ ਵਿਚ ਕੁਝ ਸਮਾਂ ਲੱਗਾ। ਦੂਤਾਵਾਸ ਵੱਲੋਂ ਜਾਰੀ ਇਹ ਦਸਤਾਵੇਜ਼ ਹੱਥ ਵਿਚ ਹੋਣ ਕਾਰਨ ਸਫਰ ਦੌਰਾਨ ਰਾਹ ਵਿਚ ਕੋਈ ਮੁਸ਼ਕਲ ਆਉਣ ਦੀ ਸੰਭਾਵਨਾ ਨਹੀਂ ਸੀ। ਦੂਤਾਵਾਸ ਨੇ ਹੀ ਇਹਨਾਂ ਦੇ ਹਿੰਦੁਸਤਾਨ ਪੁੱਜਣ ਲਈ ਰਸਤਾ ਨਿਰਧਾਰਿਤ ਕੀਤਾ। ਰਾਹ ਕਈ ਸਨ, ਪਰ ਦੂਤਵਾਸ ਨੇ ਈਰਾਨ ਵਾਲਾ ਰਾਹ ਚੁਣਿਆ, ਕਿਉਂ ਜੋ ਹਿੰਦੁਸਤਾਨ ਦਾ ਬਲੋਚਿਸਤਾਨ ਪ੍ਰਾਂਤ ਈਰਾਨ ਨਾਲ ਲੱਗਦਾ ਹੋਣ ਕਾਰਨ ਈਰਾਨ ਸੋਵੀਅਤ ਸੰਘ ਅਤੇ ਹਿੰਦੁਸਤਾਨ ਨੂੰ ਜੋੜਨ ਵਾਲੀ ਕੜੀ ਬਣਦਾ ਸੀ। ਬਲੋਚਿਸਤਾਨ ਦਾ ਸ਼ਹਿਰ ਕੋਇਟਾ ਈਰਾਨ ਦੀ ਸਰਹੱਦ ਨਾਲ ਲੱਗਦਾ ਸੀ। ਸੋ ਮਿਥਿਆ ਗਿਆ ਕਿ ਇਹ ਛੇ ਗਦਰੀ ਮਾਸਕੋ ਤੋਂ ਬਾਕੂ ਅਤੇ ਤਹਿਰਾਨ ਹੁੰਦੇ ਹੋਏ ਕੋਇਟਾ ਤੋਂ ਹਿੰਦੁਸਤਾਨ ਵਿਚ ਦਾਖਲ ਹੋਣ। ਗਦਰੀ ਟੋਲੀ ਨੂੰ ਲਗਭਗ ਢਾਈ ਹਜ਼ਾਰ ਮੀਲ ਦਾ ਇਹ ਸਫਰ ਕਰਨ ਲਈ ਕਿਤੇ ਬੱਸ ਮਿਲੀ, ਕਿਤੇ ਖੱਚਰਾਂ ਦੀ ਸਵਾਰੀ ਕਰਨੀ ਪਈ ਅਤੇ ਕਿਤੇ ਪੈਦਲ ਵੀ ਤੁਰਨਾ ਪਿਆ। ਇਹ ਜਾਣਕਾਰੀ ਨਹੀਂ ਮਿਲੀ ਕਿ ਉਹ ਮਾਸਕੋ ਤੋਂ ਕਦੋਂ ਰਵਾਨਾ ਹੋਏ ਅਤੇ ਉਹਨਾਂ ਯਾਤਰਾ ਲਈ ਕਿਹੜਾ ਰਸਤਾ ਚੁਣਿਆ, ਪਰ ਉਹ ਈਰਾਨ ਵਿਚਦੀ ਹੁੰਦੇ ਹੋਏ 30 ਮਾਰਚ 1943 ਨੂੰ ਕੋਇਟਾ ਪੁੱਜੇ, ਜਿਥੇ ਉਹਨਾਂ ਨੂੰ ਬਲੋਚਿਸਤਾਨ ਪੁਲਸ ਨੇ ਤਫਤੀਸ਼ ਵਾਸਤੇ ਹਿਰਾਸਤ ਵਿਚ ਲੈ ਲਿਆ। ਹਿੰਦੁਸਤਾਨ ਸਰਕਾਰ ਦਾ ਖੁਫੀਆ ਮਹਿਕਮਾ ਬਕਾਇਦਾ ਗਦਰੀਆਂ ਦੀ ਯਾਤਰਾ ਉੱਤੇ ਨਜ਼ਰ ਰੱਖ ਰਿਹਾ ਸੀ। ਜਦ ਇਹ ਕੋਇਟਾ ਪੁੱਜ ਗਏ ਤਾਂ ਖੁਫੀਆ ਮਹਿਕਮੇ ਦੇ ਸੁਝਾਅ ਉੱਤੇ ਹਿੰਦੁਸਤਾਨ ਸਰਕਾਰ ਨੇ ਬਲੋਚਿਸਤਾਨ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਇਹਨਾਂ ਗਦਰੀਆਂ ਨੂੰ ਜੇਲ੍ਹ ਵਿਚ ਬੰਦ ਕਰਨ ਦੀ ਥਾਂ ਪੁਲਸ ਦੇ ਪਹਿਰੇ ਹੇਠ ਪੰਜਾਬ ਲਿਆ ਕੇ ਸੂਬੇ ਦੇ ਖੁਫੀਆ ਮਹਿਕਮੇ ਦੇ ਡੀ ਆਈ ਜੀ ਦੇ ਪੇਸ਼ ਕੀਤਾ ਜਾਵੇ। ਨਾਲ ਹੀ ਡੀ ਆਈ ਜੀ ਪੁਲਸ ਪੰਜਾਬ ਨੂੰ ਹਦਾਇਤ ਦਿੱਤੀ ਗਈ ਕਿ ਉਹ ਇਹਨਾਂ ਗਦਰੀਆਂ ਤੋਂ ਪੁੱਛ-ਪੜਤਾਲ ਕਰਨ ਪਿੱਛੋਂ ਇਹ ਜਾਣਕਾਰੀ ਦੇਵੇ ਕਿ ਵਿਸ਼ਵ ਯੁੱਧ ਅਤੇ ਭਵਿੱਖੀ ਗਤੀਵਿਧੀਆਂ ਬਾਰੇ ਉਹਨਾਂ ਦੇ ਵਤੀਰੇ ਅਤੇ ਇਰਾਦੇ ਬਾਰੇ ਉਸ ਦੇ ਕੀ ਪ੍ਰਭਾਵ ਹਨ? ਪੰਜਾਬ ਸਰਕਾਰ ਨੂੰ ਪੱਤਰ ਨੰ: 182/-ਪੋਲੀਟੀਕਲ (1) ਮਿਤੀ 3 ਅਪ੍ਰੈਲ 1943 ਦੁਆਰਾ ਇਹ ਪੁੱਛਿਆ ਗਿਆ ਕਿ ਇਹਨਾਂ ਗਦਰੀਆਂ ਦੇ ਮਾਮਲੇ ਵਿਚ ਕੀਤੀ ਜਾਣ ਵਾਲੀ ਕਿਹੜੀ ਇੱਛਤ ਜਾਂ ਜ਼ਰੂਰੀ ਕਾਰਵਾਈ ਲਾਭਕਾਰੀ ਹੋਵੇਗੀ?

ਗਦਰੀਆਂ ਤੋਂ ਪੰਜਾਬ 'ਚ ਪੁੱਛ-ਪੜਤਾਲ

ਬਲੋਚਿਸਤਾਨ ਸਰਕਾਰ ਨੇ ਹਿੰਦੁਸਤਾਨ ਸਰਕਾਰ ਦੀ ਹਦਾਇਤ ਅਨੁਸਾਰ ਇਹਨਾਂ ਗਦਰੀਆਂ ਨੂੰ ਕੋਇਟੇ ਤੋਂ 5 ਅਪ੍ਰੈਲ ਨੂੰ ਪੁਲਸ ਪਹਿਰੇ ਹੇਠ ਲਾਹੌਰ ਨੂੰ ਰਵਾਨਾ ਕੀਤਾ ਜਿੱਥੇ ਖੁਫੀਆ ਮਹਿਕਮੇ ਦੇ ਅਫਸਰਾਂ ਨੇ ਇਹਨਾਂ ਤੋਂ ਲਾਹੌਰ ਦੇ ਕਿਲ੍ਹੇ ਵਿਚ ਲਗਭਗ ਇਕ ਮਹੀਨਾ ਪੁੱਛ-ਪੜਤਾਲ ਕੀਤੀ। ਪੰਜਾਬ ਸਰਕਾਰ ਨੇ ਹਿੰਦੁਸਤਾਨ ਸਰਕਾਰ ਦੇ 3 ਅਪ੍ਰੈਲ 1943 ਵਾਲੇ ਪੱਤਰ ਦਾ ਉੱਤਰ 8 ਜੂਨ ਨੂੰ ਦਿੱਤਾ। ਪੰਜਾਬ ਸਰਕਾਰ ਨੇ ਲਿਖਿਆ, 'ਛੇ ਸਿੱਖ ਗਦਰੀਆਂ ਤੋਂ ਲਾਹੌਰ ਵਿਚ ਤਫਤੀਸ਼ ਕੀਤੀ ਗਈ ਅਤੇ ਖੁਫੀਆ ਮਹਿਕਮੇ ਦੇ ਡਿਪਟੀ ਇੰਸਪੈਕਟਰ ਪੁਲਸ ਨੇ ਉਹਨਾਂ ਦੇ ਆਗੂ ਨਿਧਾਨ ਸਿੰਘ ਨਾਲ ਗੱਲਬਾਤ ਕੀਤੀ ਹੈ। ਉਹਨਾਂ ਜੋ ਬਿਆਨ ਦਿੱਤੇ ਹਨ, ਉਹ ਸਾਡੇ ਕੋਲ ਅਮਰੀਕਾ ਵਿਚ ਗਦਰ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਪ੍ਰਾਪਤ ਜਾਣਕਾਰੀ ਵਿਚ ਕੋਈ ਵਾਧਾ ਨਹੀਂ ਕਰਦੇ। ਨਿਧਾਨ ਸਿੰਘ ਨਾਲ ਹੋਈ ਗੱਲਬਾਤ ਤੋਂ ਨਤੀਜਾ ਨਿਕਲਦਾ ਹੈ ਕਿ ਉਹ ਕੱਟੜ ਕੌਮਪ੍ਰਸਤ ਹਨ, ਜੋ ਹਿੰਦੁਸਤਾਨ ਵਿਚ ਲੋਕ ਰਾਜ ਅਤੇ ਰਾਜਕੀ ਸਮਾਜਵਾਦ ਦੀ ਸਥਾਪਨਾ ਅਤੇ ਪੂੰਜੀਵਾਦ ਨੂੰ ਕਾਬੂ ਵਿਚ ਰੱਖਣ ਵਾਸਤੇ ਕਿਰਤੀਆਂ ਅਤੇ ਕਿਸਾਨਾਂ ਦੇ ਰਾਜ ਦੀ ਸਥਾਪਨਾ ਹੋਈ ਵੇਖਣ ਦੇ ਇੱਛੁਕ ਹਨ। ਉਹ ਮਹਿਸੂਸ ਕਰਦੇ ਹਨ ਕਿ ਹਿੰਦੁਸਤਾਨ ਕਮਿਊਨਿਸਟ ਪਾਰਟੀ ਦਾ ਪਹਿਲਾ ਨਿਸ਼ਾਨਾ, ਜੋ ਸਹੀ ਵੀ ਹੈ, ਜੰਗ ਜਿੱਤਣਾ ਹੋਣਾ ਚਾਹੀਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਅਜਿਹਾ ਇਕ ਕੌਮੀ ਸਰਕਾਰ, ਜਿਸ ਵਿਚ ਸਾਰੀਆਂ ਪਾਰਟੀਆਂ ਸ਼ਾਮਲ ਹੋਣ, ਰਾਹੀਂ ਸੰਭਵ ਹੈ। ਰੂਸ ਵਿਚ ਰਹਿੰਦਿਆਂ ਹੋਏ ਨਿੱਜੀ ਤਜਰਬੇ ਨੇ ਆਧਾਰ ਉੱਤੇ ਉਹ ਮਹਿਸੂਸ ਕਰਦੇ ਹਨ ਕਿ ਘੱਟ ਤੋਂ ਘੱਟ ਸਮੇਂ ਵਿਚ ਰੂਸ ਜੰਗ ਜਿੱਤੇ। ਉਹਨਾਂ ਦੇ ਮਨ ਵਿਚ ਫਾਸ਼ੀਵਾਦ ਪ੍ਰਤੀ ਸੱਚੀਮੁੱਚੀ ਨਫਰਤ ਭਰੀ ਹੋਈ ਹੈ। ਇਕ ਸੱਚੇ ਕਮਿਊਨਿਸਟ ਵਾਂਗ ਉਹ ਕਿਰਤੀਆਂ ਅਤੇ ਕਿਸਾਨਾਂ ਦਰਮਿਆਨ ਫਾਸ਼ੀਵਾਦ ਵਿਰੋਧੀ ਪ੍ਰਚਾਰ ਕਰਨ ਦੇ ਇੱਛੁਕ ਹਨ।' ਉਹਨਾਂ ਨੂੰ ਮਾਸਕੋ ਤੋਂ ਤੁਰਨ ਤੋਂ ਪਹਿਲਾਂ ਇਹ ਸੁਨੇਹਾ ਦਿੱਤਾ ਗਿਆ ਸੀ, 'ਹਿੰਦੁਸਤਾਨ ਅਤੇ ਖਾਸ ਕਰਕੇ ਹਿੰਦੁਸਤਾਨੀ ਕਮਿਊਨਿਸਟਾਂ ਨੂੰ ਜੰਗੀ ਤਿਆਰੀ ਵਿਚ ਜੁਟਣਾ ਚਾਹੀਦਾ ਹੈ। ਇਸ ਵਿਚ ਫੰਡ ਇਕੱਠਾ ਕਰਨਾ, ਫੌਜੀ ਭਰਤੀ ਦੇ ਪੱਖ ਵਿਚ ਸਰਗਰਮੀ ਅਤੇ ਜ਼ਾਹਰਾ ਪ੍ਰਚਾਰ ਸ਼ਾਮਲ ਹੈ। ਕਮਿਊਨਿਸਟ ਪਾਰਟੀ ਦੀ ਨੀਤੀ ਐਸੇ ਢੰਗ ਨਾਲ ਅਮਲ ਵਿਚ ਲਿਆਂਦੀ ਜਾਣੀ ਚਾਹੀਦੀ ਹੈ, ਜਿਸ ਨਾਲ ਜੰਗੀ ਤਿਆਰੀ ਵਿਚ ਕੋਈ ਰੁਕਾਵਟ ਨਾ ਪਵੇ ਅਤੇ ਲੋਕਾਂ ਦੇ ਮਨ ਵਿਚ ਸਰਕਾਰ ਦੀ ਸਥਿਰਤਾ ਨੂੰ ਠੇਸ ਨਾ ਪੁੱਜੇ। ਨਾਲ ਦੀ ਨਾਲ ਪਾਰਟੀ ਉੱਤੇ ਸਰਕਾਰ ਪੱਖੀ ਹੋਣ ਦਾ ਦੋਸ਼, ਜਿਸ ਨਾਲ ਇਸ ਦਾ ਮਹੱਤਵ ਖਤਮ ਹੋਵੇ, ਲੱਗਣ ਤੋਂ ਵੀ ਬਚਾਅ ਹੋਵੇ।'

ਪੰਜਾਬ ਸਰਕਾਰ ਨੇ ਖੁਫੀਆ ਪੁਲਸ ਦੇ ਅਧਿਕਾਰੀ ਦੀ ਉਪਰਕੋਤ ਟਿੱਪਣੀ ਨੂੰ ਧਿਆਨ ਗੋਚਰੇ ਰੱਖਦਿਆਂ ਉਹਨਾਂ ਨੂੰ ਹਿਰਾਸਤ ਵਿਚ ਰੱਖਣ ਜਾਂ ਉਹਨਾਂ ਉੱਤੇ ਜੂਹਬੰਦੀ ਦੀ ਸ਼ਰਤ ਲਾਗੂ ਕਰਨ ਦਾ ਫੈਸਲਾ ਨਹੀਂ ਕੀਤਾ, ਪਰ ਉਹਨਾਂ ਉੱਤੇ ਨਿਗਰਾਨੀ ਰੱਖਣ ਦੇ ਇੰਤਜ਼ਾਮ ਕਰ ਲਏ। ਪੁਲਸ ਮੰਨਦੀ ਸੀ ਕਿ ਨਿਧਾਨ ਸਿੰਘ, ਜੋ ਆਪਣੇ ਸਾਥੀਆਂ ਵਿਚੋਂ ਸਭ ਤੋਂ ਵੱਧ ਖਤਰਨਾਕ ਹੈ, ਦੀ ਨਿਗਰਾਨੀ ਦੂਜਿਆਂ ਨਾਲੋਂ ਸਖਤ ਹੋਵੇਗੀ।

ਮਾਸਕੋ ਤੋਂ ਪਰਤੇ ਇਹਨਾਂ ਗਦਰੀਆਂ ਨੂੰ ਲਾਹੌਰ ਵਿਚ ਪੁਲਸ ਦੀ ਜਿਸ ਟੋਲੀ ਦੀ ਨਿਗਰਾਨੀ ਵਿਚ ਰੱਖਿਆ ਗਿਆ, ਉਸ ਦਾ ਇੰਚਾਰਜ ਮਹੇਸਰੀ ਪਿੰਡ ਦਾ ਵਸਨੀਕ ਬਚਿੱਤਰ ਸਿੰਘ ਨਾਂਅ ਦਾ ਹੌਲਦਾਰ ਸੀ। ਆਪਣੀ ਨਿਗਰਾਨੀ ਹੇਠਲੇ ਦੇਸ਼ ਭਗਤਾਂ ਬਾਰੇ ਜਿੰਨੀ ਕੁ ਜਾਣਕਾਰੀ ਮਹਿਕਮੇ ਵੱਲੋਂ ਉਸ ਨੂੰ ਦਿੱਤੀ ਗਈ ਸੀ, ਉਸ ਕਾਰਨ ਉਸ ਦੇ ਮਨ ਵਿਚ ਇਹਨਾਂ ਗਦਰੀਆਂ ਪ੍ਰਤੀ ਸ਼ਰਧਾ ਪਨਪ ਚੁੱਕੀ ਸੀ। ਇਕ-ਦੋ ਦਿਨ ਪਿੱਛੋਂ ਜਦ ਗਦਰੀ ਅਤੇ ਪੁਲਸ ਕਰਮਚਾਰੀ ਆਪਸ ਵਿਚ ਖੁੱਲ੍ਹ ਗਏ ਅਤੇ ਬਚਿੱਤਰ ਸਿੰਘ ਨੂੰ ਨਿਧਾਨ ਸਿੰਘ ਦੇ ਉਸ ਦਾ ਗਰਾਈਂ ਹੋਣ ਬਾਰੇ ਜਾਣਕਾਰੀ ਮਿਲੀ ਤਾਂ ਉਸ ਨੂੰ ਖੁਸ਼ੀ ਭਰੀ ਹੈਰਾਨੀ ਹੋਈ। ਨਿਧਾਨ ਸਿੰਘ ਤੀਹ-ਪੈਂਤੀ ਸਾਲ ਪਹਿਲਾਂ ਪਿੰਡ ਤੋਂ ਚਲਾ ਗਿਆ ਹੋਣ ਕਾਰਨ ਪਿੰਡ ਵਾਸੀ ਉਸ ਬਾਰੇ ਭੁੱਲ-ਭੁਲਾ ਚੁੱਕੇ ਸਨ। ਨਿਧਾਨ ਸਿੰਘ ਦਾ ਘਰ ਵਾਲਿਆਂ ਨਾਲ ਵੀ ਕੋਈ ਸੰਪਰਕ ਨਹੀਂ ਸੀ। ਬਚਿੱਤਰ ਸਿੰਘ ਦਿਲੋਂ-ਮਨੋਂ ਨਿਧਾਨ ਸਿੰਘ ਦਾ ਪੱਕਾ ਮੁਰੀਦ ਬਣ ਗਿਆ। ਉਸ ਨੇ ਨਿਧਾਨ ਸਿੰਘ ਦੇ ਦੇਸ਼ ਆਉਣ ਬਾਰੇ ਪਿੰਡ ਵਾਸੀਆਂ ਨੂੰ ਦੱਸਿਆ ਤਾਂ ਸਾਰੇ ਪਿੰਡ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਉਹ ਉਤਸੁਕਤਾ ਨਾਲ ਨਿਧਾਨ ਸਿੰਘ ਦੇ ਪਿੰਡ ਆਉਣ ਦੀ ਉਡੀਕ ਕਰਨ ਲੱਗੇ।

ਮਾਸਕੋ ਤੋਂ ਪੰਜਾਬ ਲਈ ਯਾਤਰਾ ਸ਼ੁਰੂ ਕਰਨ ਦੇ ਦਿਨ ਤੋਂ ਨਿਧਾਨ ਸਿੰਘ ਨੇ ਦਾੜ੍ਹੀ-ਕੇਸ ਸਾਂਭਣੇ ਸ਼ੁਰੂ ਕਰ ਦਿੱਤੇ ਸਨ। ਪੰਜਾਬ ਪਰਤਣ ਮੌਕੇ ਉਹ ਉਮਰ ਦੇ ਛੇਵੇਂ ਦਹਾਕੇ ਦੇ ਮੱਧ ਵਿਚ ਸੀ, ਜਿਸ ਕਾਰਨ ਦਾੜ੍ਹੀ ਦੇ ਵਾਲ ਧਉਲੇ ਹੋ ਚੁੱਕੇ ਸਨ, ਇਹ ਵੇਖ ਲਾਹੌਰ ਵਿਚ ਪੁਲਸ ਵਾਲਿਆਂ ਨੇ ਉਸ ਨੂੰ ਬਾਬਾ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਇਸ ਪਿੱਛੋਂ ਉਹ ਬਾਬਾ ਨਿਧਾਨ ਸਿੰਘ ਵਜੋਂ ਹੀ ਜਾਣਿਆ ਜਾਣ ਲੱਗਾ।

ਬਾਬਾ ਨਿਧਾਨ ਸਿੰਘ ਦੀ ਲਾਹੌਰ 'ਚ ਸਰਗਰਮੀ

ਬਾਬਾ ਨਿਧਾਨ ਸਿੰਘ ਨੂੰ ਪੁਲਸ ਦੀ ਹਿਰਾਸਤ ਵਿਚੋਂ ਮੁਕਤੀ ਮਿਲੀ ਤਾਂ ਉਸ ਨੇ ਰਾਜਨੀਤਕ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਅਰੰਭ ਲਾਹੌਰ ਵਿਚ ਪੰਜਾਬ ਦੇ ਪ੍ਰਮੁੱਖ ਕਮਿਊਨਿਸਟ ਲੀਡਰਾਂ ਨਾਲ ਵਿਚਾਰ-ਚਰਚਾ ਕਰਨ ਤੋਂ ਕੀਤਾ। ਇਸ ਸਮੇਂ ਨਿਰੰਜਨ ਸਿੰਘ ਵੀ ਉਸ ਦੇ ਨਾਲ ਸੀ। ਉਹਨਾਂ ਕਮਿਊਨਿਸਟ ਲੀਡਰਾਂ ਨੂੰ ਦੱਸਿਆ ਕਿ ਬਰਤਾਨੀਆ ਵੱਲੋਂ ਲੜਾਈ ਦਾ ਦੂਜਾ ਫਰੰਟ ਨਾ ਖੋਲ੍ਹੇ ਜਾਣ ਕਾਰਨ ਸੋਵੀਅਤ ਸਰਕਾਰ ਬਰਤਾਨੀਆ ਉੱਤੇ ਭਰੋਸਾ ਨਹੀਂ ਕਰਦੀ ਅਤੇ ਉਹਨਾਂ ਨੂੰ ਉਮੀਦ ਹੈ ਕਿ ਜੋ ਮੁਲਕ ਜਰਮਨੀ ਦੇ ਕਬਜ਼ੇ ਵਿਚ ਹਨ, ਉਹ ਜੰਗ ਦੇ ਖਾਤਮੇ ਪਿੱਛੋਂ ਕਮਿਊਨਿਸਟ ਇਨਕਲਾਬ ਲਈ ਜ਼ਰਖੇਜ਼ ਭੂਮੀ ਹੋਣਗੇ। ਦੋਵਾਂ ਨੇ ਜੰਗ ਪਿੱਛੋਂ ਹਿੰਦੁਸਤਾਨ ਵਿਚੋਂ ਬਰਤਾਨਵੀ ਸਰਕਾਰ ਦਾ ਫਸਤਾ ਵੱਢਣ ਵਾਸਤੇ ਫੌਜ ਅਤੇ ਪਰਿਵਾਹਨ ਖੇਤਰ ਵਿਚ ਕਮਿਊਨਿਸਟ ਪ੍ਰਭਾਵ ਵਧਾਉਣ ਉੱਤੇ ਜ਼ੋਰ ਦਿੱਤਾ। 13 ਜੂਨ ਨੂੰ ਬਾਬਾ ਨਿਧਾਨ ਸਿੰਘ ਨੇ ਲਾਹੌਰ ਵਿਚ ਕਮਿਊਨਿਸਟ ਪਾਰਟੀ ਵੱਲੋਂ ਲਾਈ ਨੁਮਾਇਸ਼ ਦਾ ਉਦਘਾਟਨ ਕੀਤਾ। ਇਸ ਮੌਕੇ ਭਾਸ਼ਣ ਦਿੰਦਿਆਂ ਉਸ ਨੇ ਸਰੋਤਿਆਂ ਨਾਲ ਰੂਸ ਵਿਚ ਰਹਿਣ ਅਤੇ ਪੜ੍ਹਨ ਸਮੇਂ ਪ੍ਰਾਪਤ ਤਜਰਬਾ ਸਾਂਝਾ ਕੀਤਾ। ਉਸ ਨੇ ਕਿਹਾ ਕਿ ਰੂਸੀ ਲੋਕ ਕੇਵਲ ਆਪਣੀ ਆਜ਼ਾਦੀ ਲਈ ਹੀ ਵਿਸ਼ਵ ਯੁੱਧ ਨਹੀਂ ਲੜ ਰਹੇ, ਸਗੋਂ ਸਾਰੀ ਦੁਨੀਆ ਦੀ ਆਜ਼ਾਦੀ ਦੀ ਜੰਗ ਲੜ ਰਹੇ ਹਨ। ਉਸ ਨੇ ਸਰੋਤਿਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਰੂਸੀਆਂ ਦੀ ਉਦਾਹਰਣ ਤੋਂ ਸਬਕ ਲੈਣ ਅਤੇ ਹਿੰਦੁਸਤਾਨੀ ਲੋਕਾਂ ਦੇ ਨਾਲ-ਨਾਲ ਸਾਰੀ ਏਸ਼ੀਆ ਦੇ ਲੋਕਾਂ ਦੀ ਆਜ਼ਾਦੀ ਵਾਸਤੇ ਲੜਾਈ ਵਿੱਢਣ।

ਅਜਿਹੀਆਂ ਰਿਪੋਰਟਾਂ ਦੇ ਆਧਾਰ ਉੱਤੇ ਅੰਗਰੇਜ਼ ਅਧਿਕਾਰੀ ਮੰਨਦੇ ਸਨ ਕਿ ਭਾਵੇਂ ਵਰਤਮਾਨ ਸਮੇਂ ਜੰਗ ਦੀ ਲੋੜ ਵੇਖਦਿਆਂ ਰੂਸ ਤੋਂ ਪਰਤੇ ਇਹਨਾਂ ਗਦਰੀਆਂ ਦੇ ਮਨ ਵਿਚੋਂ ਇਨਕਲਾਬ ਦੀ ਉਤੇਜਨਾ, ਜਿਸ ਕਾਰਨ ਉਹ ਅਮਰੀਕਾ ਪ੍ਰਵਾਸ ਦੌਰਾਨ ਗਦਰ ਪਾਰਟੀ ਵਿਚ ਸ਼ਾਮਲ ਹੋਏ ਸਨ, ਨੇ ਗੌਣ ਸਥਾਨ ਲੈ ਲਿਆ ਹੈ, ਪਰ ਖਤਮ ਨਹੀਂ ਹੋਈ।

ਬਾਬਾ ਨਿਧਾਨ ਸਿੰਘ ਦੀ ਪਿੰਡ ਵਾਪਸੀ

ਕਮਿਊਨਿਸਟ ਆਗੂਆਂ ਨਾਲ ਮੇਲ-ਮਿਲਾਪ ਕਰਕੇ ਬਾਬਾ ਨਿਧਾਨ ਸਿੰਘ ਨੇ ਪੰਜਾਬ ਵਿਚ ਕਮਿਊਨਿਸਟ ਲਹਿਰ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਸ ਦਾ ਅਗਲਾ ਪ੍ਰੋਗਰਾਮ ਆਪਣੇ ਪਿੰਡ ਜਾਣ ਦਾ ਸੀ। ਪਿੰਡ ਵਾਸੀ ਵੀ ਆਪਣੇ ਨਾਇਕ ਦਾ ਸਵਾਗਤ ਕਰਨ ਵਾਸਤੇ ਅੱਖਾਂ ਵਿਛਾਈ ਬੈਠੇ ਸਨ। ਬਾਬਾ ਨਿਧਾਨ ਸਿੰਘ ਲਾਹੌਰ ਤੋਂ ਫਿਰੋਜ਼ਪੁਰ ਆਇਆ, ਜਿੱਥੋਂ ਉਸ ਨੇ ਫਿਰੋਜ਼ਪੁਰ-ਲੁਧਿਆਣਾ ਜਾਣ ਵਾਲੀ ਰੇਲ ਵਿਚ ਸਵਾਰ ਹੋ ਕੇ ਆਪਣੇ ਪਿੰਡ ਦੇ ਰੇਲਵੇ ਸਟੇਸ਼ਨ ਉੱਤੇ ਉਤਰਨਾ ਸੀ। ਗੱਡੀ ਦੇ ਆਉਣ ਤੋਂ ਪਹਿਲਾਂ ਹੀ ਪਿੰਡ ਵਾਸੀ ਹੁੰਮ-ਹੁਮਾ ਕੇ ਰੇਲਵੇ ਸਟੇਸ਼ਨ ਉੱਤੇ ਪੁੱਜ ਗਏ। ਜਿਉਂ ਹੀ ਬਾਬਾ ਨਿਧਾਨ ਸਿੰਘ ਨੇ ਗੱਡੀ ਤੋਂ ਉੱਤਰ ਕੇ ਪਲੇਟਫਾਰਮ ਉੱਤੇ ਪੈਰ ਰੱਖਿਆ, ਸਭ ਤੋਂ ਪਹਿਲਾਂ ਉਸ ਨੇ ਆਪਣੇ ਪਿੰਡ ਦੀ ਮਿੱਟੀ ਚੁੱਕ ਕੇ ਆਪਣੇ ਮੱਥੇ ਨਾਲ ਲਾਈ। ਬਚਪਨ ਵਿਚ ਪਤਾ ਨਹੀਂ ਉਹ ਕਿੰਨੀ ਵਾਰ ਇਸ ਰੇਲਵੇ ਪਲੇਟਫਾਰਮ ਉੱਤੇ ਘੁੰਮਿਆ ਫਿਰਿਆ ਹੋਵੇਗਾ, ਪਰ ਇਸ ਦਿਨ ਦਾ ਅਨੁਭਵ ਨਿਵੇਕਲਾ ਸੀ। ਪਿੰਡ ਵਾਸੀਆਂ ਨੇ ਉਸ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਅਤੇ 'ਬਾਬਾ ਨਿਧਾਨ ਸਿੰਘ - ਜ਼ਿੰਦਾਬਾਦ', 'ਇਨਕਲਾਬ-ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਪਿੰਡ ਵੱਲ ਤੁਰ ਪਏ। ਬਾਬਾ ਨਿਧਾਨ ਸਿੰਘ ਸਭ ਤੋਂ ਅੱਗੇ ਸੀ। ਰੇਲਵੇ ਲਾਈਨ ਦਾ ਫਾਟਕ ਪਾਰ ਕਰਕੇ ਉਹ ਕੁਝ ਅੱਗੇ ਤੱਕ ਗਿਆ, ਪਰ ਫਿਰ ਉਸ ਦੇ ਪੈਰ ਰੁਕ ਗਏ। ਪਿਛਲੇ ਤਿੰਨ-ਚਾਰ ਦਹਾਕਿਆਂ ਵਿਚ ਪਿੰਡ ਦਾ ਮੁਹਾਂਦਰਾ ਬਦਲ ਚੁੱਕਾ ਸੀ ਅਤੇ ਉਸ ਨੂੰ ਪਤਾ ਨਹੀਂ ਸੀ ਲੱਗਦਾ ਕਿ ਉਹਨਾਂ ਦੇ ਘਰ ਨੂੰ ਕਿਹੜਾ ਰਾਹ ਜਾਵੇਗਾ। ਕੁਝ ਮੋਹਤਬਰ ਉਸ ਦੀ ਦੁਚਿੱਤੀ ਨੂੰ ਸਮਝ ਗਏ ਅਤੇ ਉਹਨਾਂ ਬਾਬਾ ਨਿਧਾਨ ਸਿੰਘ ਨੂੰ ਉਸ ਦੇ ਘਰ ਪੁੱਜਣ ਵਿਚ ਮਦਦ ਕੀਤੀ, ਨਾਲ ਦੀ ਨਾਲ ਰਾਹ ਵਿਚ ਪੈਂਦੇ ਘਰਾਂ ਬਾਰੇ ਦੱਸਦੇ ਰਹੇ ਕਿ ਇਹ ਘਰ ਫਲਾਣਿਆਂ ਦਾ ਹੈ, ਅਗਲਾ ਘਰ ਫਲਾਣਿਆਂ ਦਾ ਹੈ ਆਦਿ।

ਗਦਰੀ ਬਾਬਾ ਨਿਧਾਨ ਸਿੰਘ ਮਹੇਸ਼ਰੀ ਦੀ ਯਾਦਗਾਰ ਮਹੇਸ਼ਰੀ ਪਿੰਡ ਵਿਖੇ

ਸਵਾਗਤੀ ਮਾਹੌਲ ਵਿਚ ਕੁਝ ਦਿਨ ਗੁਜ਼ਾਰਨ ਪਿੱਛੋਂ ਬਾਬਾ ਨਿਧਾਨ ਸਿੰਘ ਨੇ ਮਾਸਕੋ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕਰਕੇ ਪਰਤੇ ਮੋਗਾ ਇਲਾਕੇ ਦੇ ਗਦਰੀਆਂ ਮੇਹਰ ਸਿੰਘ ਝੰਡਿਆਣਾ, ਬਚਨ ਸਿੰਘ ਘੋਲੀਆ, ਰਤਨ ਸਿੰਘ ਘੋਲੀਆ, ਬਚਨ ਸਿੰਘ ਤਖਾਣਬੱਧ, ਉਜਾਗਰ ਸਿੰਘ ਬੁੱਧ ਸਿੰਘ ਵਾਲਾ ਅਤੇ ਕਿਹਰ ਸਿੰਘ ਮਾਹਲਾ ਨਾਲ ਸੰਪਰਕ ਬਣਾਇਆ ਅਤੇ ਇਲਾਕੇ ਵਿਚ ਕਮਿਊਨਿਸਟ ਲਹਿਰ ਉਸਾਰਨ ਵਿਚ ਸਰਗਰਮ ਹੋ ਗਿਆ। 1915 ਵਾਲੇ ਪ